# ਪਰਦੇਦਾਰੀ ਅਭਿਆਸਾਂ ਦਾ ਨੋਟਿਸ

KAISER PERMANENTE — ਉੱਤਰੀ California ਖੇਤਰ

ਇਹ ਨੋਟਿਸ ਵਰਣਨ ਕਰਦਾ ਹੈ ਕਿ ਕਿਵੇਂ ਤੁਹਾਡੇ ਬਾਰੇ ਮੈਡੀਕਲ ਜਾਣਕਾਰੀ ਦੀ ਵਰਤੋਂ ਅਤੇ ਇਸ ਦਾ ਖੁਲਾਸਾ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਇਸ ਜਾਣਕਾਰੀ ਤੱਕ ਕਿਵੇਂ ਪਹੁੰਚ ਸਕਦੇ ਹੋ।

ਕਿਰਪਾ ਕਰਕੇ ਇਸ ਦੀ ਧਿਆਨ ਨਾਲ ਪੜਚੋਲ ਕਰੋ।

ਇਸ ਨੋਟਿਸ ਵਿੱਚ ਅਸੀਂ Kaiser Permanente— ਉੱਤਰੀ California ਖੇਤਰ ਦਾ ਵਰਣਨ ਕਰਨ ਲਈ "ਅਸੀਂ," "ਸਾਨੂੰ," ਅਤੇ "ਸਾਡੇ" ਸ਼ਬਦਾਂ ਦੀ ਵਰਤੋਂ ਕਰਦੇ ਹਾਂ। ਹੋਰ ਵੇਰਵਿਆਂ ਲਈ, ਕਿਰਪਾ ਕਰਕੇ ਇਸ ਨੋਟਿਸ ਦਾ ਭਾਗ IV ਦੇਖੋ।

## I. "ਸੁਰੱਖਿਅਤ ਸਿਹਤ ਜਾਣਕਾਰੀ" ਕੀ ਹੈ?

ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (protected health information, PHI) ਵਿਅਕਤੀਗਤ ਤੌਰ 'ਤੇ ਪਛਾਣਨਯੋਗ ਸਿਹਤ ਜਾਣਕਾਰੀ ਹੁੰਦੀ ਹੈ, ਜਿਸ ਵਿੱਚ ਜਨਅੰਕੜਾ ਜਾਣਕਾਰੀ, ਤੁਹਾਡੇ ਅਤੀਤ, ਵਰਤਮਾਨ ਜਾਂ ਭਵਿੱਖ ਦੀ ਸਰੀਰਕ ਜਾਂ ਮਾਨਸਿਕ ਸਿਹਤ ਜਾਂ ਸਥਿਤੀ, ਤੁਹਾਨੂੰ ਪ੍ਰਾਪਤ ਹੋਣ ਵਾਲੀਆਂ ਸਿਹਤ ਦੇਖਭਾਲ ਸੇਵਾਵਾਂ, ਅਤੇ ਤੁਹਾਡੀ ਸਿਹਤ ਦੇਖਭਾਲ ਲਈ ਪਿਛਲੇ, ਵਰਤਮਾਨ ਜਾਂ ਭਵਿੱਖ ਦੇ ਭੁਗਤਾਨ ਬਾਰੇ ਜਾਣਕਾਰੀ ਸ਼ਾਮਲ ਹੈ। ਜਨਅੰਕੜਾ ਜਾਣਕਾਰੀ ਦਾ ਅਰਥ ਹੈ ਤੁਹਾਡਾ ਨਾਮ, ਸੋਸ਼ਲ ਸਿਕਉਰਿਟੀ ਨੰਬਰ, ਪਤਾ, ਅਤੇ ਜਨਮ ਤਾਰੀਖ਼ ਵਰਗੀ ਜਾਣਕਾਰੀ। ਸੁਰੱਖਿਅਤ ਸਿਹਤ ਜਾਣਕਾਰੀ (PHI) ਵਿੱਚ ਨਸਲ/ਜਾਤੀ, ਭਾਸ਼ਾ, ਲਿੰਗੀ ਪਛਾਣ, ਜਿਨਸੀ ਰੁਝਾਨ, ਅਤੇ ਪੜਨਾਂਵ ਡੇਟਾ ਵੀ ਸ਼ਾਮਲ ਹੁੰਦਾ ਹੈ।

ਸੁਰੱਖਿਅਤ ਸਿਹਤ ਜਾਣਕਾਰੀ (PHI) ਜ਼ੁਬਾਨੀ, ਲਿਖਤੀ ਜਾਂ ਇਲੈਕਟ੍ਰਾਨਿਕ ਰੂਪ ਵਿੱਚ ਹੋ ਸਕਦੀ ਹੈ। ਸੁਰੱਖਿਅਤ ਸਿਹਤ ਜਾਣਕਾਰੀ (PHI) ਦੀਆਂ ਉਦਾਹਰਨਾਂ ਵਿੱਚ ਤੁਹਾਡਾ ਮੈਡੀਕਲ ਰਿਕਾਰਡ, ਦਾਅਵਿਆਂ ਦਾ ਰਿਕਾਰਡ, ਨਾਮਾਂਕਣ ਕਰਨ ਜਾਂ ਨਾਮਾਂਕਣ ਖ਼ਤਮ ਕਰਨ ਬਾਰੇ ਜਾਣਕਾਰੀ, ਅਤੇ ਤੁਹਾਡੀ ਦੇਖਭਾਲ ਬਾਰੇ ਤੁਹਾਡੇ ਅਤੇ ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਵਿਚਕਾਰ ਸੰਚਾਰ ਸ਼ਾਮਲ ਹਨ।

ਜੇ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਤੋਂ ਸਿਹਤ ਬੀਮਾ ਪੋਰਟੇਬਿਲਟੀ ਅਤੇ ਜਵਾਬਦੇਹੀ ਅਧਿਨਿਯਮ (Health Insurance Portability and Accountability Act, HIPAA) ਮਿਆਰਾਂ ਦੇ ਅਨੁਸਾਰ ਪਛਾਣ ਹਟਾ ਦਿੱਤੀ ਜਾਂਦੀ ਹੈ, ਤਾਂ ਇਹ ਹੁਣ PHI ਨਹੀਂ ਰਹੇਗੀ।

ਜੇ ਤੁਸੀਂ Kaiser Foundation Health Plan ਦੇ ਮੈਂਬਰ ਹੋ ਅਤੇ ਕਿਸੇ ਵੀ Kaiser Permanente ਕੰਪਨੀ ਦੇ ਕਰਮਚਾਰੀ ਹੋ, ਤਾਂ ਸੁਰੱਖਿਅਤ ਸਿਹਤ ਜਾਣਕਾਰੀ (PHI) ਵਿੱਚ ਤੁਹਾਡੇ ਰੁਜ਼ਗਾਰ ਰਿਕਾਰਡਾਂ ਵਿਚਲੀ ਸਿਹਤ ਜਾਣਕਾਰੀ ਸ਼ਾਮਲ ਨਹੀਂ ਹੁੰਦੀ ਹੈ।

## II. ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਰੱਖਿਆ ਕਰਨ ਦੀ ਸਾਡੀ ਜ਼ਿੰਮੇਵਾਰੀ ਬਾਰੇ

ਕਾਨੂੰਨ ਦੁਆਰਾ, ਸਾਡੇ ਲਈ ਜ਼ਰੂਰੀ ਹੈ

1. ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਪਰਦੇਦਾਰੀ ਦੀ ਰੱਖਿਆ ਕਰਨੀ;
2. ਤੁਹਾਨੂੰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੇ ਸੰਬੰਧ ਵਿੱਚ ਤੁਹਾਡੇ ਅਧਿਕਾਰਾਂ ਅਤੇ ਸਾਡੇ ਕਾਨੂੰਨੀ ਫਰਜ਼ਾਂ ਬਾਰੇ ਦੱਸਣਾ;
3. ਜੇ ਤੁਹਾਡੀ ਸੁਰੱਖਿਅਤ ਨਾ ਕੀਤੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਉਲੰਘਣਾ ਹੁੰਦੀ ਹੈ ਤਾਂ ਤੁਹਾਨੂੰ ਸੂਚਿਤ ਕਰਨਾ; ਅਤੇ
4. ਤੁਹਾਨੂੰ ਸਾਡੇ ਪਰਦੇਦਾਰੀ ਅਭਿਆਸਾਂ ਬਾਰੇ ਦੱਸਣਾ ਅਤੇ ਵਰਤਮਾਨ ਵਿੱਚ ਪ੍ਰਭਾਵੀ ਸਾਡੇ ਨੋਟਿਸ ਦੀ ਪਾਲਣਾ ਕਰਨੀ।

ਅਸੀਂ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਅਤੇ, ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਰੱਖਿਆ ਕਰਨ ਲਈ ਪ੍ਰਸ਼ਾਸਕੀ ਸੁਰੱਖਿਆ ਉਪਾਅ (ਜਿਵੇਂ ਕਿ ਸੁਰੱਖਿਆ ਜਾਗਰੂਕਤਾ ਸਿਖਲਾਈ ਅਤੇ ਨੀਤੀਆਂ ਅਤੇ ਪ੍ਰਕਿਰਿਆਵਾਂ), ਤਕਨੀਕੀ ਸੁਰੱਖਿਆ ਉਪਾਅ (ਜਿਵੇਂ ਕਿ ਐਨਕ੍ਰਿਪਸ਼ਨ ਅਤੇ ਪਾਸਵਰਡ), ਅਤੇ ਭੌਤਿਕ ਸੁਰੱਖਿਆ ਉਪਾਅ (ਜਿਵੇਂ ਕਿ ਤਾਲਾਬੰਦ ਖੇਤਰ ਅਤੇ

ਬੈਜ ਦੀ ਲੋੜ ਲਗਾਉਣੀ) ਸਥਾਪਿਤ ਕੀਤੇ ਹਨ ਅਤੇ, ਬੀਤੇ ਸਮੇਂ ਦੀ ਤਰ੍ਹਾਂ, ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਪਰਦੇਦਾਰੀ ਦੀ ਰੱਖਿਆ ਕਰਨ ਲਈ ਢੁਕਵੇਂ ਕਦਮ ਚੁੱਕਣੇ ਜਾਰੀ ਰੱਖਾਂਗੇ।

ਅਸੀਂ ਸਿਹਤ ਬੀਮਾ ਪੋਰਟੇਬਿਲਟੀ ਅਤੇ ਜਵਾਬਦੇਹੀ ਅਧਿਨਿਯਮ (HIPAA) ਨਿਯਮਾਂ ਦੁਆਰਾ ਦਿੱਤੀਆਂ ਇਜਾਜ਼ਤਾਂ ਦੇ ਅਨੁਸਾਰ, ਜਿਵੇਂ ਕਿ ਅਗਲੇ ਪੰਨਿਆਂ ਵਿੱਚ ਦਿੱਤਾ ਗਿਆ ਹੈ, ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਦੂਜਿਆਂ ਨੂੰ ਕਰ ਸਕਦੇ ਹਾਂ। ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੇ ਪ੍ਰਾਪਤੱਕਰਤਾਵਾਂ ਦੁਆਰਾ ਕੋਈ ਵੀ ਹੋਰ ਅਗਲੇਰਾ ਮੁੜ-ਖੁਲਾਸਾ ਹੁਣ ਸਿਹਤ ਬੀਮਾ ਪੋਰਟੇਬਿਲਟੀ ਅਤੇ ਜਵਾਬਦੇਹੀ ਅਧਿਨਿਯਮ (HIPAA) ਦੁਆਰਾ ਸੁਰੱਖਿਅਤ ਨਹੀਂ ਹੈ।

**III.** ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ **(PHI)** ਦੇ ਸੰਬੰਧ ਵਿੱਚ ਤੁਹਾਡੇ ਅਧਿਕਾਰ

ਇਹ ਭਾਗ ਤੁਹਾਨੂੰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਸੰਬੰਧੀ ਤੁਹਾਡੇ ਅਧਿਕਾਰਾਂ ਬਾਰੇ ਦੱਸਦਾ ਹੈ ਅਤੇ ਵਰਣਨ ਕਰਦਾ ਹੈ ਕਿ ਤੁਸੀਂ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਿਵੇਂ ਕਰ ਸਕਦੇ ਹੋ।

ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ **(PHI)** ਤੱਕ ਪਹੁੰਚ ਕਰਨ ਅਤੇ ਇਸ ਵਿੱਚ ਸੋਧ ਕਰਨ ਦਾ ਤੁਹਾਡਾ ਅਧਿਕਾਰ

ਕੁਝ ਅਪਵਾਦਾਂ ਦੇ ਅਧੀਨ, ਤੁਹਾਨੂੰ ਆਪਣੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਕਾਪੀ ਦੇਖਣ ਜਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ ਜੋ ਅਸੀਂ ਤੁਹਾਡੀ ਦੇਖਭਾਲ ਜਾਂ ਤੁਹਾਡੀ ਦੇਖਭਾਲ ਬਾਰੇ ਫੈਸਲਿਆਂ ਜਾਂ ਤੁਹਾਡੀ ਦੇਖਭਾਲ ਲਈ ਭੁਗਤਾਨ ਨਾਲ ਸੰਬੰਧਿਤ ਰਿਕਾਰਡਾਂ ਵਿੱਚ ਰੱਖਦੇ ਹਾਂ। ਕੁਝ ਅਪਵਾਦਾਂ ਦੇ ਅਧੀਨ, ਬੇਨਤੀਆਂ ਲਿਖਤੀ ਰੂਪ ਵਿੱਚ ਹੋਣੀਆਂ ਲਾਜ਼ਮੀ ਹਨ। ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀਆਂ ਕਾਪੀਆਂ, ਸਾਰ ਜਾਂ ਵਿਆਖਿਆ ਲਈ ਤੁਹਾਡੇ ਤੋਂ ਉਚਿਤ, ਲਾਗਤ-ਅਧਾਰਤ ਫੀਸ ਲੈ ਸਕਦੇ ਹਾਂ।

ਜੇ ਸਾਡੇ ਕੋਲ ਉਹ ਰਿਕਾਰਡ ਨਹੀਂ ਹੈ ਜੋ ਤੁਸੀਂ ਮੰਗਿਆ ਹੈ ਪਰ ਅਸੀਂ ਜਾਣਦੇ ਹਾਂ ਕਿ ਕਿਸ ਕੋਲ ਹੈ, ਤਾਂ ਅਸੀਂ ਤੁਹਾਨੂੰ ਦੱਸਾਂਗੇ ਕਿ ਇਸਦੀ ਬੇਨਤੀ ਕਰਨ ਲਈ ਕਿਸ ਨਾਲ ਸੰਪਰਕ ਕਰਨਾ ਹੈ। ਸੀਮਿਤ ਸਥਿਤੀਆਂ ਵਿੱਚ, ਅਸੀਂ ਤੁਹਾਡੇ ਰਿਕਾਰਡਾਂ ਦੀਆਂ ਕਾਪੀਆਂ ਦੇਖਣ ਜਾਂ ਪ੍ਰਾਪਤ ਕਰਨ ਦੀ ਤੁਹਾਡੀਆਂ ਕੁਝ ਜਾਂ ਸਾਰੀਆਂ ਬੇਨਤੀਆਂ ਤੋਂ ਇਨਕਾਰ ਕਰ ਸਕਦੇ ਹਾਂ, ਪਰ ਜੇ ਅਸੀਂ ਅਜਿਹਾ ਕਰਦੇ ਹਾਂ, ਤਾਂ ਅਸੀਂ ਤੁਹਾਨੂੰ ਲਿਖਤੀ ਰੂਪ ਵਿੱਚ ਇਸਦਾ ਕਾਰਨ ਦੱਸਾਂਗੇ ਅਤੇ ਸਾਡੇ ਇਨਕਾਰ ਦੀ ਸਮੀਖਿਆ ਕਰਵਾਉਣ ਦੇ ਤੁਹਾਡੇ ਅਧਿਕਾਰ, ਜੇ ਕੋਈ ਹੈ, ਦੀ ਵਿਆਖਿਆ ਕਰਾਂਗੇ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਵਿੱਚ ਕੋਈ ਗਲਤੀ ਹੈ ਜਾਂ ਮਹੱਤਵਪੂਰਨ ਜਾਣਕਾਰੀ ਗਾਇਬ ਹੈ, ਤਾਂ ਤੁਸੀਂ ਬੇਨਤੀ ਕਰ ਸਕਦੇ ਹੋ ਕਿ ਅਸੀਂ ਇਸ ਨੂੰ ਸਹੀ ਕਰੀਏ ਜਾਂ ਰਿਕਾਰਡ ਵਿੱਚ ਸ਼ਾਮਲ ਕਰੀਏ। ਬੇਨਤੀਆਂ ਲਾਜ਼ਮੀ ਤੌਰ 'ਤੇ ਲਿਖਤੀ ਰੂਪ ਵਿੱਚ ਹੋਣੀਆਂ ਚਾਹੀਦੀਆਂ ਹਨ, ਸਾਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਕਿਹੜੀਆਂ ਦਰੁਸਤੀਆਂ ਜਾਂ ਵਾਧਿਆਂ ਲਈ ਬੇਨਤੀ ਕਰ ਰਹੇ ਹੋ, ਅਤੇ ਦਰੁਸਤੀਆਂ ਜਾਂ ਵਾਧੇ ਕਿਉਂ ਕੀਤੇ ਜਾਣੇ ਚਾਹੀਦੇ ਹਨ। ਅਸੀਂ ਤੁਹਾਡੀ ਬੇਨਤੀ ਦੀ ਸਮੀਖਿਆ ਕਰਨ ਤੋਂ ਬਾਅਦ ਲਿਖਤੀ ਰੂਪ ਵਿੱਚ ਜਵਾਬ ਦੇਵਾਂਗੇ। ਜੇਕਰ ਅਸੀਂ ਤੁਹਾਡੀ ਬੇਨਤੀ ਨੂੰ ਪ੍ਰਵਾਨ ਕਰਦੇ ਹਾਂ ਤਾਂ ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਵਿੱਚ ਦਰੁਸਤੀ ਜਾਂ ਵਾਧਾ ਕਰਾਂਗੇ। ਜੇ ਅਸੀਂ ਤੁਹਾਡੀ ਬੇਨਤੀ ਨੂੰ ਨਕਾਰਦੇ ਹਾਂ, ਤਾਂ ਅਸੀਂ ਤੁਹਾਨੂੰ ਇਸ ਦਾ ਕਾਰਨ ਦੱਸਾਂਗੇ ਅਤੇ ਅਸਹਿਮਤੀ ਦਾ ਲਿਖਤੀ ਬਿਆਨ ਦਾਇਰ ਕਰਨ ਦੇ ਤੁਹਾਡੇ ਅਧਿਕਾਰ ਦੀ ਵਿਆਖਿਆ ਕਰਾਂਗੇ। ਤੁਹਾਡਾ ਬਿਆਨ ਤੁਹਾਡੇ ਰਿਕਾਰਡ ਵਿਚਲੀ ਉਸ ਹਰੇਕ ਆਈਟਮ ਲਈ 250 ਸ਼ਬਦਾਂ ਤੱਕ ਸੀਮਿਤ ਹੋਣਾ ਚਾਹੀਦਾ ਹੈ ਜੋ ਤੁਸੀਂ ਮੰਨਦੇ ਹੋ ਕਿ ਗਲਤ ਜਾਂ ਅਧੂਰੀ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਭਵਿੱਖ ਵਿੱਚ ਤੁਹਾਡੇ ਰਿਕਾਰਡ ਦੇ ਉਸ ਹਿੱਸੇ ਦੇ ਖੁਲਾਸਿਆਂ ਵਿੱਚ ਤੁਹਾਡੇ ਬਿਆਨ ਨੂੰ ਸ਼ਾਮਲ ਕਰੀਏ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਸਾਨੂੰ ਲਿਖਤੀ ਰੂਪ ਵਿੱਚ ਦੱਸਣਾ ਚਾਹੀਦਾ ਹੈ। ਅਸੀਂ ਤੁਹਾਡੇ ਬਿਆਨ ਦੀ ਬਜਾਏ ਸਾਰ ਸ਼ਾਮਲ ਕਰ ਸਕਦੇ ਹਾਂ।

ਸਾਰੀਆਂ ਲਿਖਤੀ ਬੇਨਤੀਆਂ Kaiser Permanente ਸੁਵਿਧਾ-ਸਥਲ (ਫੈਸਿਲਿਟੀ) ਜਾਂ ਮੈਡੀਕਲ ਦਫ਼ਤਰ ਵਿੱਚ ਜਮ੍ਹਾਂ ਕਰੋ ਜਿੱਥੇ ਤੁਹਾਨੂੰ ਤੁਹਾਡੀ ਦੇਖਭਾਲ ਮਿਲੀ ਸੀ। ਜੇ ਤੁਹਾਨੂੰ ਉਸ ਪਤੇ ਦੀ ਲੋੜ ਹੈ ਤਾਂ ਕਿਰਪਾ ਕਰਕੇ ਮੈਂਬਰਾਂ ਦੀ ਸੇਵਾ ਲਈ ਕਾੱਲ ਸੈਂਟਰ ਨੂੰ 1-800-464-4000 (TTY 711) 'ਤੇ ਕਾੱਲ ਕਰੋ। ਪਰ, ਜੇ ਤੁਸੀਂ ਨਹੀਂ ਜਾਣਦੇ ਕਿ ਜੋ ਰਿਕਾਰਡ ਤੁਸੀਂ ਚਾਹੁੰਦੇ ਹੋ ਉਹ ਕਿੱਥੇ ਸਥਿਤ ਹੈ, ਤਾਂ ਕਿਰਪਾ ਕਰਕੇ ਸਾਨੂੰ ਇਸ ਪਤੇ 'ਤੇ ਲਿਖੋ: Director of Privacy & Security Compliance, Kaiser Permanente Ethics & Compliance Office, 1 Kaiser Plaza, Oakland, CA 94612, 19th Floor.

ਇਹ ਚੁਣਨ ਦਾ ਤੁਹਾਡਾ ਅਧਿਕਾਰ ਕਿ ਅਸੀਂ ਤੁਹਾਨੂੰ ਜਾਂ ਕਿਸੇ ਹੋਰ ਨੂੰ ਸੁਰੱਖਿਅਤ ਸਿਹਤ ਜਾਣਕਾਰੀ **(PHI)** ਕਿਵੇਂ ਭੇਜਦੇ ਹਾਂ

ਤੁਸੀਂ ਸਾਨੂੰ ਆਪਣੀ ਸੁਰੱਖਿਅਤ ਸਿਹਤ ਜਾਣਕਾਰੀ (PHI) ਤੁਹਾਨੂੰ ਕਿਸੇ ਵੱਖਰੇ ਪਤੇ 'ਤੇ (ਉਦਾਹਰਨ ਲਈ, ਤੁਹਾਡੇ ਕੰਮ ਦਾ ਪਤਾ) ਜਾਂ ਵੱਖਰੇ ਤਰੀਕਿਆਂ (ਉਦਾਹਰਨ ਲਈ, ਨਿਯਮਿਤ ਡਾਕ ਦੀ ਬਜਾਏ ਫੈਕਸ) ਦੁਆਰਾ ਭੇਜਣ ਲਈ ਕਹਿ ਸਕਦੇ ਹੋ।

ਜੇ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਨੂੰ ਇਲੈਕਟ੍ਰੋਨਿਕ ਤਰੀਕੇ ਨਾਲ ਸਟੋਰ ਕੀਤਾ ਜਾਂਦਾ ਹੈ, ਤਾਂ ਤੁਸੀਂ Kaiser Permanente ਦੁਆਰਾ ਪੇਸ਼ ਕੀਤੇ ਜਾਂਦੇ ਇਲੈਕਟ੍ਰਾਨਿਕ ਫਾਰਮੇਟ ਵਿੱਚ ਰਿਕਾਰਡਾਂ ਦੀ ਕਾਪੀ ਲਈ ਬੇਨਤੀ ਕਰ ਸਕਦੇ ਹੋ। ਤੁਸੀਂ Kaiser Permanente ਨੂੰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਕਾਪੀ ਕਿਸੇ ਮਨੋਨੀਤ ਤੀਜੀ ਧਿਰ ਨੂੰ ਟ੍ਰਾਂਸਮਿਟ ਕਰਨ ਲਈ ਵਿਸ਼ਿਸ਼ਟ ਲਿਖਤੀ ਬੇਨਤੀ ਵੀ ਕਰ ਸਕਦੇ ਹੋ। ਅਸੀਂ ਲਾਗਤ ਆਧਾਰਿਤ ਵਾਜਬ ਫੀਸ ਲੈ ਸਕਦੇ ਹਾਂ।

ਗੁਪਤ ਸੰਚਾਰ ਪ੍ਰਾਪਤ ਕਰਨ ਦਾ ਤੁਹਾਡਾ ਅਧਿਕਾਰ

ਤੁਹਾਨੂੰ ਇਹ ਬੇਨਤੀ ਕਰਨ ਦਾ ਅਧਿਕਾਰ ਹੈ ਕਿ ਅਸੀਂ ਸਿਹਤ ਮਾਮਲਿਆਂ ਬਾਰੇ ਤੁਹਾਡੇ ਨਾਲ ਸੰਚਾਰ ਕਿਸੇ ਵਿਕਲਪਿਕ ਡਾਕ ਪਤੇ, ਈਮੇਲ ਪਤੇ, ਜਾਂ ਟੈਲੀਫੋਨ ਨੰਬਰ 'ਤੇ ਕਰੀਏ।

ਤੁਸੀਂ ਸਾਨੂੰ ਕੋਈ ਵਿਕਲਪਿਕ ਪਤਾ ਦੇ ਸਕਦੇ ਹੋ ਤਾਂ ਜੋ ਅਸੀਂ ਤੁਹਾਨੂੰ ਸੰਵੇਦਨਸ਼ੀਲ ਸੇਵਾਵਾਂ (ਮਾਨਸਿਕ ਜਾਂ ਵਿਵਹਾਰ ਸੰਬੰਧੀ ਸਿਹਤ, ਜਿਨਸੀ ਅਤੇ ਪ੍ਰਜਣਨ ਸਿਹਤ, ਸੈਕਸ ਰਾਹੀਂ ਪ੍ਰਸਾਰਿਤ ਲਾਗਾਂ, ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ, ਲਿੰਗ ਦੀ ਪੁਸ਼ਟੀ ਕਰਨ ਵਾਲੀ ਦੇਖਭਾਲ, ਅਤੇ ਅੰਤਰੰਗ ਸਾਥੀ ਦੁਆਰਾ ਹਿੰਸਾ ਨਾਲ ਸੰਬੰਧਿਤ ਸਿਹਤ ਦੇਖਭਾਲ ਸੇਵਾਵਾਂ) ਦੀ ਪ੍ਰਾਪਤੀ ਦੇ ਸੰਬੰਧ ਵਿੱਚ ਸੰਚਾਰ ਸਿੱਧਾ ਤੁਹਾਨੂੰ ਭੇਜ ਸਕੀਏ। ਜੇ ਤੁਸੀਂ ਕੋਈ ਵਿਕਲਪਿਕ ਪਤਾ ਨਹੀਂ ਦਿੰਦੇ ਹੋ, ਤਾਂ ਅਸੀਂ ਤੁਹਾਡੇ ਦੁਆਰਾ ਸੰਵੇਦਨਸ਼ੀਲ ਸੇਵਾਵਾਂ ਦੀ ਪ੍ਰਾਪਤੀ ਨਾਲ ਸੰਬੰਧਿਤ ਸਾਰੀ ਸੂਚਨਾ ਫਾਈਲ ਵਿੱਚ ਦਿੱਤੇ ਪਤੇ ਜਾਂ ਟੈਲੀਫੋਨ ਨੰਬਰ 'ਤੇ ਤੁਹਾਡੇ ਨਾਮ 'ਤੇ ਭੇਜਾਂਗੇ।

ਇਸ ਪੈਰੇ ਦੇ ਅਧੀਨ ਸੰਚਾਰ ਵਿੱਚ ਹੇਠਾਂ ਦਿੱਤੇ ਲਿਖਤੀ, ਜ਼ੁਬਾਨੀ, ਜਾਂ ਇਲੈਕਟ੍ਰਾਨਿਕ ਸੰਚਾਰ ਸ਼ਾਮਲ ਹੋਣਗੇ:

(i) ਬਿਲ ਅਤੇ ਭੁਗਤਾਨ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ।

(ii) ਫਾਇਦਿਆਂ ਦੇ ਮਾੜੇ ਨਿਰਧਾਰਨ ਦਾ ਨੋਟਿਸ।

(iii) ਫਾਇਦਿਆਂ ਦੇ ਨੋਟਿਸ ਦੀ ਵਿਆਖਿਆ।

(iv) ਕਿਸੇ ਸਿਹਤ ਬੀਮਾਕਰਤਾ ਦੀ ਕਿਸੇ ਦਾਅਵੇ ਦੇ ਸੰਬੰਧ ਵਿੱਚ ਵਾਧੂ ਜਾਣਕਾਰੀ ਲਈ ਬੇਨਤੀ।

(v) ਵਿਰੋਧ ਕੀਤੇ ਦਾਅਵੇ ਦਾ ਨੋਟਿਸ।

(vi) ਪ੍ਰਦਾਤਾ ਦਾ ਨਾਮ ਅਤੇ ਪਤਾ, ਮੁਹੱਈਆ ਕੀਤੀਆਂ ਸੇਵਾਵਾਂ ਦਾ ਵਿਵਰਣ, ਅਤੇ ਕਿਸੇ ਮੁਲਾਕਾਤ ਨਾਲ ਸੰਬੰਧਿਤ ਹੋਰ ਜਾਣਕਾਰੀ।

(vii) ਸਿਹਤ ਬੀਮਾਕਰਤਾ ਤੋਂ ਕੋਈ ਵੀ ਲਿਖਤੀ, ਮੌਖਿਕ, ਜਾਂ ਇਲੈਕਟ੍ਰਾਨਿਕ ਸੰਚਾਰ ਜਿਸ ਵਿੱਚ ਸੁਰੱਖਿਅਤ ਸਿਹਤ ਜਾਣਕਾਰੀ ਸ਼ਾਮਲ ਹੈ।

ਗੁਪਤ ਸੰਚਾਰ ਪ੍ਰਾਪਤ ਕਰਨ ਲਈ ਗੁਪਤ ਪਤਾ ਮੁਹੱਈਆ ਕਰਨ ਲਈ, ਤੁਸੀਂ KP.org ਦੇ ਮੁੱਖ ਪੰਨੇ ਦੇ ਸਭ ਤੋਂ ਹੇਠਾਂ ਸਥਿਤ ਗੁਪਤ ਸੰਚਾਰ ਬੇਨਤੀ ਫਾਰਮ ਨੂੰ ਭਰ ਸਕਦੇ ਹੋ ਜਾਂ ਸਹਾਇਤਾ ਲਈ ਮੈਂਬਰਾਂ ਦੀ ਸੇਵਾ ਲਈ ਕਾੱਲ ਸੈਂਟਰ ਨਾਲ 1-800-464-4000 (TTY 711) 'ਤੇ ਸੰਪਰਕ ਕਰ ਸਕਦੇ ਹੋ।

ਸੁਰੱਖਿਅਤ ਸਿਹਤ ਜਾਣਕਾਰੀ **(PHI)** ਦੇ ਖੁਲਾਸਿਆਂ ਦੇ ਲੇਖੇ ਦਾ ਤੁਹਾਡਾ ਅਧਿਕਾਰ

ਤੁਸੀਂ ਸਾਡੇ ਤੋਂ ਆਪਣੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੇ ਸਾਡੇ ਖੁਲਾਸਿਆਂ ਦੀ ਸੂਚੀ ਮੰਗ ਸਕਦੇ ਹੋ। ਸਾਨੂੰ ਇਸ ਪਤੇ 'ਤੇ ਲਿਖੋ: Director of Privacy & Security Compliance, Kaiser Permanente Ethics & Compliance Office, 1 Kaiser Plaza, Oakland, CA 94612, 19th Floor. ਤੁਸੀਂ ਕਿਸੇ ਵੀ 12-ਮਹੀਨੇ ਦੀ ਮਿਆਦ ਵਿੱਚ ਬਿਨਾਂ ਕਿਸੇ ਮੁੱਲ ਦੇ ਇੱਕ ਖੁਲਾਸਾ ਲੇਖੇ ਦੇ ਹੱਕਦਾਰ ਹੋ। ਜੇ ਤੁਸੀਂ 12 ਮਹੀਨਿਆਂ ਤੋਂ ਘੱਟ ਸਮੇਂ ਬਾਅਦ ਕਿਸੇ ਵਾਧੂ ਲੇਖੇ ਲਈ ਬੇਨਤੀ ਕਰਦੇ ਹੋ, ਤਾਂ ਅਸੀਂ ਫੀਸ ਲੈ ਸਕਦੇ ਹਾਂ।

ਕਿਸੇ ਲੇਖੇ ਵਿੱਚ ਕੁਝ ਖਾਸ ਖੁਲਾਸੇ ਸ਼ਾਮਲ ਨਹੀਂ ਹੁੰਦੇ ਹਨ, ਉਦਾਹਰਨ ਲਈ, ਇਹ ਖੁਲਾਸੇ:

- ਇਲਾਜ, ਭੁਗਤਾਨ ਅਤੇ ਸਿਹਤ ਦੇਖਭਾਲ ਦੇ ਕੰਮ-ਕਾਜ ਕਰਨ ਲਈ;
- ਜਿਸ ਲਈ Kaiser Permanente ਕੋਲ ਦਸਤਖ਼ਤ ਕੀਤਾ ਅਧਿਕਾਰ ਸੀ;
- ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਤੁਹਾਨੂੰ;
- Kaiser Permanente ਸੁਵਿਧਾ-ਸਥਲ (ਫੈਸਿਲਿਟੀ) ਡਾਇਰੈਕਟਰੀ ਤੋਂ;
- ਆਪਦਾ ਰਾਹਤ ਉਦੇਸ਼ਾਂ ਵਾਸਤੇ ਸੂਚਨਾਵਾਂ ਲਈ;
- ਤੁਹਾਡੀ ਦੇਖਭਾਲ ਵਿੱਚ ਸ਼ਾਮਲ ਵਿਅਕਤੀਆਂ ਨੂੰ ਅਤੇ ਤੁਹਾਡੇ ਵੱਲੋਂ ਕੰਮ ਕਰ ਰਹੇ ਵਿਅਕਤੀਆਂ ਨੂੰ; ਜਾਂ
- ਜੋ ਲੇਖਾ ਲੈਣ ਦੇ ਅਧਿਕਾਰ ਦੁਆਰਾ ਕਵਰ ਨਹੀਂ ਹੈ।

ਤੁਹਾਡੇ ਕੋਲ ਉਨ੍ਹਾਂ ਰਿਕਾਰਡਾਂ ਲਈ ਕਿਸੇ ਵਿਚੋਲੇ ਦੁਆਰਾ ਖੁਲਾਸਿਆਂ ਦੀ ਸੂਚੀ ਦਾ ਅਧਿਕਾਰ ਹੈ ਜਿਨ੍ਹਾਂ ਦਾ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ (substance use disorder, SUD) ਪ੍ਰੋਗਰਾਮ ਵਿੱਚ ਲਿਖਤੀ ਰਜ਼ਾਮੰਦੀ ਨਾਲ ਖੁਲਾਸਾ ਕੀਤਾ ਗਿਆ ਹੈ। ਖੁਲਾਸਿਆਂ ਦੀ ਸੂਚੀ ਤੁਹਾਡੀ ਬੇਨਤੀ ਦੀ ਤਾਰੀਖ਼ ਤੋਂ ਪਿਛਲੇ 3 ਸਾਲਾਂ ਦੇ ਅੰਦਰ ਕੀਤੇ ਗਏ ਖੁਲਾਸਿਆਂ ਤੱਕ ਸੀਮਿਤ ਹੈ।

ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ **(PHI)** ਦੀ ਵਰਤੋਂ ਅਤੇ ਖੁਲਾਸਿਆਂ 'ਤੇ ਸੀਮਾਵਾਂ ਦੀ ਬੇਨਤੀ ਕਰਨ ਦਾ ਤੁਹਾਡਾ ਅਧਿਕਾਰ

ਤੁਸੀਂ ਬੇਨਤੀ ਕਰ ਸਕਦੇ ਹੋ ਕਿ ਅਸੀਂ ਇਲਾਜ, ਭੁਗਤਾਨ, ਅਤੇ ਸਿਹਤ ਦੇਖਭਾਲ ਕੰਮ-ਕਾਜਾਂ ਦੇ ਉਦੇਸ਼ਾਂ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਅਤੇ ਖੁਲਾਸਿਆਂ ਨੂੰ ਸੀਮਿਤ ਕਰੀਏ। ਅਸੀਂ ਤੁਹਾਡੀ ਬੇਨਤੀ ਦੀ ਸਮੀਖਿਆ ਕਰਾਂਗੇ ਅਤੇ ਇਸ 'ਤੇ ਵਿਚਾਰ ਕਰਾਂਗੇ। ਤੁਸੀਂ ਉਸ Kaiser Permanente ਸੁਵਿਧਾ-ਸਥਲ (ਫੈਸਿਲਿਟੀ) ਜਾਂ ਮੈਡੀਕਲ ਦਫ਼ਤਰ ਨੂੰ ਤੁਹਾਡੀ ਬੇਨਤੀ 'ਤੇ ਵਿਚਾਰ ਕਰਨ ਲਈ ਲਿਖ ਸਕਦੇ ਹੋ ਜਿੱਥੇ ਤੁਹਾਨੂੰ ਤੁਹਾਡੀ ਦੇਖਭਾਲ ਮਿਲੀ ਸੀ। ਜੇ ਤੁਹਾਨੂੰ ਉਸ ਪਤੇ ਦੀ ਲੋੜ ਹੈ ਤਾਂ ਕਿਰਪਾ ਕਰਕੇ ਮੈਂਬਰਾਂ ਦੀ ਸੇਵਾ ਲਈ ਕੱਾਲ ਸੈਂਟਰ ਨੂੰ 1-800-464-4000 (TTY 711) 'ਤੇ ਕੱਾਲ ਕਰੋ। ਪਰ, ਜੇ ਤੁਸੀਂ ਨਹੀਂ ਜਾਣਦੇ ਕਿ ਜੋ ਰਿਕਾਰਡ ਤੁਸੀਂ ਚਾਹੁੰਦੇ ਹੋ ਉਹ ਕਿੱਥੇ ਸਥਿਤ ਹੈ, ਤਾਂ ਕਿਰਪਾ ਕਰਕੇ ਸਾਨੂੰ ਇਸ ਪਤੇ 'ਤੇ ਲਿਖੋ: Director of Privacy & Security Compliance, Kaiser Permanente Ethics & Compliance Office, 1 Kaiser Plaza, Oakland, CA 94612, 19th Floor.

ਸਾਡੇ ਲਈ ਤੁਹਾਡੀ ਬੇਨਤੀ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ, ਸਿਵਾਏ ਉਸ ਹੱਦ ਦੇ ਜਦੋਂ ਤੁਸੀਂ ਭੁਗਤਾਨ ਜਾਂ ਸਿਹਤ ਦੇਖਭਾਲ ਕੰਮ-ਕਾਜਾਂ ਦੇ ਉਦੇਸ਼ਾਂ ਲਈ ਕਿਸੇ ਸਿਹਤ ਪਲੈਨ ਜਾਂ ਬੀਮਾਕਰਤਾ ਨੂੰ ਖੁਲਾਸਿਆਂ 'ਤੇ ਪਾਬੰਦੀ ਦੀ ਬੇਨਤੀ ਕਰਦੇ ਹੋ ਅਤੇ ਚੀਜ਼ਾਂ ਜਾਂ ਸੇਵਾਵਾਂ ਦਾ ਪੂਰਾ ਭੁਗਤਾਨ ਜੇਬ ਵਿੱਚੋਂ ਕੀਤਾ ਗਿਆ ਹੈ। ਹਾਲਾਂਕਿ, ਅਸੀਂ ਹਾਲੇ ਵੀ ਤੁਹਾਡਾ ਇਲਾਜ ਕਰਨ ਦੇ ਉਦੇਸ਼ ਲਈ ਸਿਹਤ ਪਲੈਨ ਜਾਂ ਬੀਮਾਕਰਤਾ ਨੂੰ ਜਾਣਕਾਰੀ ਦਾ ਖੁਲਾਸਾ ਕਰ ਸਕਦੇ ਹਾਂ। ਜੇ ਸੇਵਾਵਾਂ ਲਈ ਭੁਗਤਾਨ ਤੁਹਾਡੇ ਦੁਆਰਾ ਜਾਂ ਤੁਹਾਡੀ ਤਰਫ਼ੋਂ ਕਿਸੇ ਵਿਅਕਤੀ ਦੁਆਰਾ ਪੂਰਾ ਅਤੇ ਆਪਣੀ ਜੇਬ ਵਿੱਚੋਂ ਨਹੀਂ ਕੀਤਾ ਜਾਂਦਾ ਹੈ, ਤਾਂ ਸਾਡੇ ਲਈ ਸਿਹਤ ਦੇਖਭਾਲ ਕੰਮ-ਕਾਜਾਂ, ਭੁਗਤਾਨ ਜਾਂ ਇਲਾਜ ਦੇ ਉਦੇਸ਼ਾਂ ਲਈ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਜਾਂ ਖੁਲਾਸਿਆਂ ਨੂੰ ਸੀਮਿਤ ਕਰਨ ਦੀ ਤੁਹਾਡੀ ਬੇਨਤੀ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਭੁਗਤਾਨ ਜਾਂ ਸਿਹਤ ਦੇਖਭਾਲ ਕੰਮ-ਕਾਜਾਂ ਦੇ ਉਦੇਸ਼ਾਂ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਨੂੰ ਪ੍ਰਤਿਬੰਧਿਤ ਕਰਨ ਦੀਆਂ ਬੇਨਤੀਆਂ ਲਈ, ਕਿਰਪਾ ਕਰਕੇ ਉਸ Kaiser Permanente ਸੁਵਿਧਾ-ਸਥਲ (ਫੈਸਿਲਿਟੀ) ਜਾਂ ਮੈਡੀਕਲ ਦਫ਼ਤਰ ਵਿੱਚ ਸੇਵਾਵਾਂ ਪ੍ਰਾਪਤ ਕਰਨ ਤੋਂ ਪਹਿਲਾਂ ਪਾਬੰਦੀ ਲਈ ਬੇਨਤੀ ਕਰੋ ਜਿੱਥੇ ਤੁਸੀਂ ਆਪਣੀ ਦੇਖਭਾਲ ਪ੍ਰਾਪਤ ਕਰਦੇ ਹੋ।

ਇਸ ਨੋਟਿਸ ਦੀ ਕਾਗਜ਼ੀ ਕਾਪੀ ਪ੍ਰਾਪਤ ਕਰਨ ਦਾ ਤੁਹਾਡਾ ਅਧਿਕਾਰ

ਤੁਹਾਨੂੰ ਬੇਨਤੀ ਕਰਨ 'ਤੇ ਇਸ ਨੋਟਿਸ ਦੀ ਕਾਗਜ਼ੀ ਕਾਪੀ ਪ੍ਰਾਪਤ ਕਰਨ ਦਾ ਵੀ ਅਧਿਕਾਰ ਹੈ।

**IV.** ਇਸ ਨੋਟਿਸ ਦੇ ਅਧੀਨ **KAISER PERMANENTE** ਕੰਪਨੀਆਂ

ਇਹ ਨੋਟਿਸ Kaiser Permanente, ਉੱਤਰੀ California ਖੇਤਰ 'ਤੇ ਲਾਗੂ ਹੁੰਦਾ ਹੈ, ਜਿਸ ਵਿੱਚ ਸ਼ਾਮਲ ਹਨ

- The Permanente Medical Group (TPMG),
- Kaiser Foundation Health Plan, Inc., ਜਿਸ ਵਿੱਚ ਇਸਦੀ ਸਿਹਤ ਪਲੈਨ ਅਤੇ ਪ੍ਰਦਾਤਾ ਦੇ ਕੰਮ-ਕਾਜ ਸ਼ਾਮਲ ਹਨ, ਅਤੇ
- Kaiser Foundation Hospitals (KFH)।

ਸਾਡੀਆਂ ਸਿਹਤ ਦੇਖਭਾਲ ਡਿਲੀਵਰੀ ਸਾਈਟਾਂ ਵਿੱਚ Kaiser Permanente ਮੈਡੀਕਲ ਦਫ਼ਤਰ, ਹਸਪਤਾਲ, ਅਤੇ ਐਂਬੁਲੇਟਰੀ ਸਰਜਰੀ ਕੇਂਦਰ, ਅਤੇ ਖੇਤਰ ਵਿੱਚ ਹੋਰ Kaiser Permanente ਸੁਵਿਧਾ-ਸਥਲ (ਫੈਸਿਲਿਟੀਆਂ), ਮੈਂਬਰ ਕਾੱਲ ਸਲਾਹ ਅਤੇ ਮੁਲਾਕਾਤ ਸੈਂਟਰ, ਅਤੇ ਸਾਡੀਆਂ ਮੈਂਬਰ ਵੈੱਬ ਸਾਈਟਾਂ ਅਤੇ ਮੋਬਾਈਲ ਐਪਲੀਕੇਸ਼ਨਾਂ ਸ਼ਾਮਲ ਹੁੰਦੇ ਹਨ।

ਤੁਹਾਨੂੰ ਉਹ ਸਿਹਤ ਦੇਖਭਾਲ ਮੁਹੱਈਆ ਕਰਨ ਲਈ ਜਿਸਦੀ ਤੁਸੀਂ ਉਮੀਦ ਕਰਦੇ ਹੋ, ਤੁਹਾਡਾ ਇਲਾਜ ਕਰਨ, ਤੁਹਾਡੀ ਦੇਖਭਾਲ ਲਈ ਭੁਗਤਾਨ ਕਰਨ, ਅਤੇ ਸਾਡੇ ਕੰਮ-ਕਾਜ ਪੂਰੇ ਕਰਨ ਲਈ, ਜਿਵੇਂ ਕਿ ਗੁਣਵੱਤਾ ਦਾ ਭਰੋਸਾ, ਮਾਨਤਾ, ਲਾਇਸੈਂਸਿੰਗ ਅਤੇ ਪਾਲਣਾ, ਇਹ Kaiser Permanente ਕੰਪਨੀਆਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਨੂੰ ਇੱਕ ਦੂਜੇ ਨਾਲ ਸਾਂਝਾ ਕਰਦੀਆਂ ਹਨ।

ਸਾਡੇ ਅਮਲੇ ਕੋਲ ਜਾਂ ਤਾਂ ਕਰਮਚਾਰੀਆਂ, ਡਾਕਟਰਾਂ, KFH ਸੁਵਿਧਾ-ਸਥਲਾਂ (ਫੈਸਿਲਿਟੀਆਂ) ਦੇ ਪੇਸ਼ੇਵਰ ਸਟਾਫ਼ ਮੈਂਬਰਾਂ ਅਤੇ KFH ਸੁਵਿਧਾ-ਸਥਲ (ਫੈਸਿਲਿਟੀ) ਦੇ ਮੈਡੀਕਲ ਰਿਕਾਰਡ ਵਿੱਚ ਜਾਣਕਾਰੀ ਦਾਖਲ ਕਰਨ ਲਈ ਅਧਿਕਾਰਤ ਹੋਰ ਵਿਅਕਤੀਆਂ, ਵਾਲੰਟੀਅਰਾਂ, ਜਾਂ ਹੋਰ ਸਮਰੱਥਾਵਾਂ ਵਿੱਚ ਸਾਡੇ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਦੇ ਰੂਪ ਵਿੱਚ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਤੱਕ ਪਹੁੰਚ ਹੋ ਸਕਦੀ ਹੈ।

**V.** ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ **(PHI)** ਨੂੰ ਕਿਵੇਂ ਵਰਤ ਸਕਦੇ ਹਾਂ ਅਤੇ ਇਸਦਾ ਖੁਲਾਸਾ ਕਿਵੇਂ ਕਰ ਸਕਦੇ ਹਾਂ

ਤੁਹਾਡੀ ਗੁਪਤਤਾ ਸਾਡੇ ਲਈ ਮਹੱਤਵਪੂਰਨ ਹੈ। ਸਾਡੇ ਡਾਕਟਰਾਂ ਅਤੇ ਕਰਮਚਾਰੀਆਂ ਨੂੰ ਸਾਡੇ ਮੈਂਬਰਾਂ/ਮਰੀਜ਼ਾਂ ਦੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਗੁਪਤਤਾ ਬਣਾਈ ਰੱਖਣ ਦੀ ਲੋੜ ਹੁੰਦੀ ਹੈ, ਅਤੇ ਸਾਡੇ ਕੋਲ ਤੁਹਾਡੀ PHI ਨੂੰ ਗਲਤ ਵਰਤੋਂ ਅਤੇ ਖੁਲਾਸੇ ਤੋਂ ਬਚਾਉਣ ਵਿੱਚ ਮਦਦ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਅਤੇ ਹੋਰ ਸੁਰੱਖਿਆ ਉਪਾਅ ਹਨ। ਕਈ ਵਾਰੀ ਸਾਨੂੰ ਤੁਹਾਡੀ ਲਿਖਤੀ ਇਜਾਜ਼ਤ ਤੋਂ ਬਿਨਾਂ ਕੁਝ ਖਾਸ ਸੁਰੱਖਿਅਤ ਸਿਹਤ ਜਾਣਕਾਰੀ (PHI) ਨੂੰ ਵਰਤਣ ਅਤੇ ਖੁਲਾਸਾ ਕਰਨ ਦੀ ਇਜਾਜ਼ਤ ਹੁੰਦੀ ਹੈ। ਅਸੀਂ ਹੇਠਾਂ ਇਨ੍ਹਾਂ ਵਰਤੋਂ ਅਤੇ ਖੁਲਾਸਿਆਂ ਦਾ ਸੰਖੇਪ ਵਰਣਨ ਕਰਦੇ ਹਾਂ ਅਤੇ ਤੁਹਾਨੂੰ ਕੁਝ ਉਦਾਹਰਨਾਂ ਦਿੰਦੇ ਹਾਂ।

ਤੁਹਾਡੀ ਲਿਖਤੀ ਇਜਾਜ਼ਤ ਦੇ ਬਿਨਾਂ ਕਿੰਨੀ ਸੁਰੱਖਿਅਤ ਸਿਹਤ ਜਾਣਕਾਰੀ (PHI) ਵਰਤੀ ਜਾਂ ਖੁਲਾਸਾ ਕੀਤੀ ਜਾਂਦੀ ਹੈ, ਉਦਾਹਰਨ ਲਈ, ਵਰਤੋਂ ਜਾਂ ਖੁਲਾਸੇ ਦੇ ਇਰਾਦਤਨ ਉਦੇਸ਼ ਦੇ ਅਧਾਰ 'ਤੇ ਵੱਖ-ਵੱਖ ਹੋਵੇਗੀ। ਕਈ ਵਾਰ ਸਾਨੂੰ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਸੀਮਿਤ ਮਾਤਰਾ ਦੀ ਵਰਤੋਂ ਕਰਨ ਜਾਂ ਖੁਲਾਸਾ ਕਰਨ ਦੀ ਲੋੜ ਹੋ ਸਕਦੀ ਹੈ, ਜਿਵੇਂ ਕਿ ਤੁਹਾਨੂੰ ਮੁਲਾਕਾਤ ਲਈ ਯਾਦ-ਦਹਾਨੀ ਭੇਜਣਾ ਜਾਂ ਇਹ ਪੁਸ਼ਟੀ ਕਰਨਾ ਕਿ ਤੁਸੀਂ ਸਿਹਤ ਪਲੈਨ ਦੇ ਮੈਂਬਰ ਹੋ। ਦੂਜੇ ਸਮਿਆਂ 'ਤੇ, ਸਾਨੂੰ ਹੋਰ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਕਰਨ ਜਾਂ ਖੁਲਾਸਾ ਕਰਨ ਦੀ ਲੋੜ ਹੋ ਸਕਦੀ ਹੈ ਜਿਵੇਂ ਕਿ ਜਦੋਂ ਅਸੀਂ ਮੈਡੀਕਲ ਇਲਾਜ ਮੁਹੱਈਆ ਕਰ ਰਹੇ ਹੁੰਦੇ ਹਾਂ।

- ਇਲਾਜ: ਇਹ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਸਭ ਤੋਂ ਮਹੱਤਵਪੂਰਨ ਵਰਤੋਂ ਅਤੇ ਖੁਲਾਸਾ ਹੈ। ਉਦਾਹਰਨ ਲਈ, ਤੁਹਾਡੀ ਦੇਖਭਾਲ ਵਿੱਚ ਸ਼ਾਮਲ ਸਾਡੇ ਡਾਕਟਰ, ਨਰਸਾਂ, ਅਤੇ ਹੋਰ ਸਿਹਤ ਦੇਖਭਾਲ ਕਰਮਚਾਰੀ, ਜਿਨ੍ਹਾਂ ਵਿੱਚ ਸਿਖਿਆਰਥੀਆਂ ਵੀ ਸ਼ਾਮਲ ਹਨ, ਤੁਹਾਡੀ ਸਥਿਤੀ ਦਾ ਪਤਾ ਲਗਾਉਣ ਅਤੇ ਤੁਹਾਡੀਆਂ ਸਿਹਤ ਦੇਖਭਾਲ ਲੋੜਾਂ ਦਾ ਮੁਲਾਂਕਣ ਕਰਨ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਅਤੇ ਇਸਦਾ ਖੁਲਾਸਾ ਕਰਦੇ ਹਨ। ਸਾਡੇ ਕਰਮਚਾਰੀ ਤੁਹਾਡੀ ਲੋੜ ਦੀ ਦੇਖਭਾਲ ਅਤੇ ਸੇਵਾਵਾਂ ਪ੍ਰਦਾਨ ਕਰਨ ਅਤੇ ਇਸਦਾ ਤਾਲਮੇਲ ਕਰਨ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਕਰਨਗੇ ਅਤੇ ਇਸਦਾ ਖੁਲਾਸਾ ਕਰਨਗੇ: ਉਦਾਹਰਨ ਲਈ, ਨੁਸਖ਼ੇ, ਐਕਸ-ਰੇ, ਅਤੇ ਲੈਬ ਦਾ ਕੰਮ। ਜੇ ਤੁਹਾਨੂੰ ਅਜਿਹੇ ਸਿਹਤ ਦੇਖਭਾਲ ਪ੍ਰਦਾਤਾਵਾਂ ਤੋਂ ਦੇਖਭਾਲ ਦੀ ਲੋੜ ਹੈ ਜੋ Kaiser Permanente ਦਾ ਹਿੱਸਾ ਨਹੀਂ ਹਨ, ਜਿਵੇਂ ਕਿ ਘਰ ਵਿੱਚ ਤੁਹਾਡੀਆਂ ਸਿਹਤ

ਦੇਖਭਾਲ ਦੀਆਂ ਲੋੜਾਂ ਵਿੱਚ ਸਹਾਇਤਾ ਕਰਨ ਲਈ ਭਾਈਚਾਰਕ ਸਰੋਤ, ਤਾਂ ਅਸੀਂ ਉਨ੍ਹਾਂ ਨੂੰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ।

- ਭੁਗਤਾਨ**:** ਤੁਹਾਨੂੰ ਮਿਲਣ ਵਾਲੇ ਇਲਾਜ ਅਤੇ ਸਿਹਤ-ਸੰਬੰਧੀ ਸੇਵਾਵਾਂ ਲਈ ਭੁਗਤਾਨ ਕਰਨ ਦੀ ਸਾਡੀ ਜ਼ਿੰਮੇਵਾਰੀ ਨਿਰਧਾਰਤ ਕਰਨ, ਜਾਂ ਸਾਨੂੰ ਬਿਲ ਦੇਣ ਅਤੇ ਭੁਗਤਾਨ ਲੈਣ ਦੀ ਇਜਾਜ਼ਤ ਦੇਣ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਲੋੜ ਹੋ ਸਕਦੀ ਹੈ। ਉਦਾਹਰਨ ਲਈ, ਤੁਹਾਨੂੰ ਕਿਸੇ ਬਾਹਰੀ ਪ੍ਰਦਾਤਾ ਤੋਂ ਪ੍ਰਾਪਤ ਹੋਈ ਸਿਹਤ ਦੇਖਭਾਲ ਲਈ ਭੁਗਤਾਨ ਕਰਨਾ ਸਾਡੀ ਜ਼ਿੰਮੇਵਾਰੀ ਹੋ ਸਕਦੀ ਹੈ। ਜਦੋਂ ਤੁਸੀਂ ਜਾਂ ਪ੍ਰਦਾਤਾ ਸਾਨੂੰ ਸਿਹਤ ਦੇਖਭਾਲ ਸੇਵਾਵਾਂ ਲਈ ਬਿਲ ਭੇਜਦੇ ਹੋ, ਤਾਂ ਅਸੀਂ ਇਹ ਨਿਰਧਾਰਤ ਕਰਨ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਕਰਦੇ ਹਾਂ ਅਤੇ ਇਸਦਾ ਖੁਲਾਸਾ ਕਰਦੇ ਹਾਂ ਕਿ ਅਸੀਂ ਕਿੰਨੇ ਬਿਲ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹਾਂ, ਜੇ ਕੋਈ ਹੈ।

- ਸਿਹਤ ਦੀ ਦੇਖਭਾਲ ਸੰਬੰਧੀ ਕੰਮ-ਕਾਜ**:** ਅਸੀਂ ਕੁਝ ਸਿਹਤ ਦੀ ਦੇਖਭਾਲ ਸੰਬੰਧੀ ਕੰਮ-ਕਾਜਾਂ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਨੂੰ ਵਰਤ ਸਕਦੇ ਹਾਂ ਅਤੇ ਇਸਦਾ ਖੁਲਾਸਾ ਕਰ ਸਕਦੇ ਹਾਂ—ਉਦਾਹਰਨ ਲਈ, ਗੁਣਵੱਤਾ ਦਾ ਮੁਲਾਂਕਣ ਅਤੇ ਸੁਧਾਰ, ਸਿਹਤ ਦੇਖਭਾਲ ਪੇਸ਼ੇਵਰਾਂ ਦੀ ਸਿਖਲਾਈ ਅਤੇ ਮੁਲਾਂਕਣ, ਲਾਇਸੈਂਸ ਦੇਣਾ, ਮਾਨਤਾ, ਅਤੇ ਪ੍ਰੀਮੀਅਮਾਂ ਅਤੇ ਸਿਹਤ ਦੇਖਭਾਲ ਪ੍ਰਦਾਨ ਕਰਨ ਦੀਆਂ ਹੋਰ ਲਾਗਤਾਂ ਨੂੰ ਨਿਰਧਾਰਤ ਕਰਨਾ।

- ਕਾਰੋਬਾਰੀ ਸਹਿਯੋਗੀ**:** ਅਸੀਂ ਸਾਡੀ ਤਰਫ਼ੋਂ ਕੁਝ ਕਾਰਜ ਜਾਂ ਗਤੀਵਿਧੀਆਂ ਕਰਨ ਲਈ ਕਾਰੋਬਾਰੀ ਸਹਿਯੋਗੀਆਂ ਨਾਲ ਇਕਰਾਰਨਾਮਾ ਕਰ ਸਕਦੇ ਹਾਂ, ਜਿਵੇਂ ਕਿ ਭੁਗਤਾਨ ਅਤੇ ਸਿਹਤ ਦੀ ਦੇਖਭਾਲ ਸੰਬੰਧੀ ਕੰਮ-ਕਾਜ। ਇਨ੍ਹਾਂ ਕਾਰੋਬਾਰੀ ਸਹਿਯੋਗੀਆਂ ਨੂੰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਰੱਖਿਆ ਕਰਨ ਲਈ ਸਹਿਮਤ ਲਾਜ਼ਮੀ ਹੋਣਾ ਚਾਹੀਦਾ ਹੈ।

- ਮੁਲਾਕਾਤ ਲਈ ਯਾਦ-ਦਹਾਨੀਆਂ**:** ਅਸੀਂ ਇਲਾਜ ਜਾਂ ਹੋਰ ਸਿਹਤ ਦੇਖਭਾਲ, ਜਿਸਦੀ ਤੁਹਾਨੂੰ ਲੋੜ ਹੋ ਸਕਦੀ ਹੈ, ਲਈ ਮੁਲਾਕਾਤਾਂ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਕਰ ਸਕਦੇ ਹਾਂ।

- ਪਛਾਣ ਦੀ ਪੁਸ਼ਟੀ**:** ਅਸੀਂ ਪਛਾਣ ਦੇ ਉਦੇਸ਼ਾਂ ਲਈ ਤੁਹਾਡੀ ਫੋਟੋ ਖਿੱਚ ਸਕਦੇ ਹਾਂ, ਫੋਟੋ ਨੂੰ ਤੁਹਾਡੇ ਡਾਕਟਰੀ ਰਿਕਾਰਡ ਵਿੱਚ ਸਟੋਰ ਕਰ ਸਕਦੇ ਹਾਂ। ਇਹ ਤੁਹਾਡੀ ਸੁਰੱਖਿਆ ਅਤੇ ਸਲਾਮਤੀ ਲਈ ਹੈ, ਪਰ ਤੁਸੀਂ ਇਸ ਤੋਂ ਬਾਹਰ ਰਹਿਣ ਦੀ ਚੋਣ ਕਰ ਸਕਦੇ ਹੋ।

- ਸਿਹਤ ਜਾਣਕਾਰੀ ਦੀ ਅਦਲਾ-ਬਦਲੀ**:** ਅਸੀਂ ਸਿਹਤ ਜਾਣਕਾਰੀ ਐਕਸਚੇਂਜ (Health Information Exchange, HIE) ਨੈੱਟਵਰਕ ਰਾਹੀਂ ਤੁਹਾਡੀ ਸਿਹਤ ਜਾਣਕਾਰੀ ਨੂੰ ਇਲੈਕਟ੍ਰੋਨਿਕ ਤਰੀਕੇ ਨਾਲ ਦੂਜੇ ਸੰਗਠਨਾਂ ਨਾਲ ਸਾਂਝਾ ਕਰ ਸਕਦੇ ਹਾਂ। ਇਨ੍ਹਾਂ ਦੂਜੇ ਸੰਗਠਨਾਂ ਵਿੱਚ ਹਸਪਤਾਲ, ਲੈਬਾਰਟਰੀਆਂ, ਸਿਹਤ ਦੇਖਭਾਲ ਪ੍ਰਦਾਤਾ, ਜਨਤੱਕ ਸਿਹਤ ਵਿਭਾਗ, ਸਿਹਤ ਪਲੈਨ, ਅਤੇ ਹੋਰ ਭਾਗੀਦਾਰ ਸ਼ਾਮਲ ਹੋ ਸਕਦੇ ਹਨ। Kaiser Permanente ਦੁਆਰਾ Kaiser Permanente ਖੇਤਰਾਂ ਵਿੱਚ ਇੱਕ HIE ਨੈੱਟਵਰਕ ਚਲਾਇਆ ਜਾਂਦਾ ਹੈ ਅਤੇ Kaiser Permanente ਤੋਂ ਬਾਹਰ ਹੋਰ ਸਿਹਤ ਦੇਖਭਾਲ ਪ੍ਰਦਾਤਾਵਾਂ ਦੇ ਨਾਲ ਕਈ HIE ਨੈੱਟਵਰਕਾਂ ਵਿੱਚ ਹਿੱਸਾ ਲੈਂਦਾ ਹੈ ਜਿਨ੍ਹਾਂ ਕੋਲ ਵੀ ਇਲੈਕਟ੍ਰੋਨਿਕ ਮੈਡੀਕਲ ਰਿਕਾਰਡ ਸਿਸਟਮ ਹਨ। ਇਲੈਕਟ੍ਰਾਨਿਕ ਤਰੀਕੇ ਨਾਲ ਜਾਣਕਾਰੀ ਸਾਂਝੀ ਕਰਨਾ ਤੁਹਾਡਾ ਇਲਾਜ ਕਰ ਰਹੇ ਸਿਹਤ ਦੇਖਭਾਲ ਪ੍ਰਦਾਤਾਵਾਂ ਤੱਕ ਤੁਹਾਡੀ ਸਿਹਤ ਦੀ ਜਾਣਕਾਰੀ ਪਹੁੰਚਾਉਣ ਦਾ ਇੱਕ ਤੇਜ਼ ਤਰੀਕਾ ਹੈ। ਉਦਾਹਰਨ ਲਈ, ਜੇ ਤੁਸੀਂ ਹਸਪਤਾਲ ਦੇ ਐਮਰਜੈਂਸੀ ਰੂਮ ਵਿੱਚ ਜਾਂਦੇ ਹੋ ਜੋ ਉਸੇ HIE ਨੈਟਵਰਕ ਵਿੱਚ ਹਿੱਸਾ ਲੈਂਦਾ ਹੈ ਜਿਸ ਵਿੱਚ Kaiser Permanente ਹੈ, ਤਾਂ ਐਮਰਜੈਂਸੀ ਰੂਮ ਦੇ ਡਾਕਟਰ ਤੁਹਾਡੇ ਲਈ ਇਲਾਜ ਦੇ ਫੈਸਲੇ ਲੈਣ ਵਿੱਚ ਮਦਦ ਲਈ ਤੁਹਾਡੀ Kaiser Permanente ਸਿਹਤ ਜਾਣਕਾਰੀ ਤੱਕ ਪਹੁੰਚ ਕਰ ਸਕਣਗੇ। Kaiser Permanente ਵਰਗੇ HIE ਭਾਗੀਦਾਰਾਂ ਨੂੰ ਅਜਿਹੇ ਨਿਯਮਾਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ ਜੋ ਤੁਹਾਡੀ ਸਿਹਤ ਅਤੇ ਨਿੱਜੀ ਜਾਣਕਾਰੀ ਦੀ ਪਰਦੇਦਾਰੀ ਅਤੇ ਸੁਰੱਖਿਆ ਦੀ ਰੱਖਿਆ ਕਰਦੇ ਹਨ।

    - HIE ਵਿੱਚ ਭਾਗੀਦਾਰੀ ਤੁਹਾਡੀ ਚੋਣ ਹੈ। ਤੁਸੀਂ ਇੱਥੇ ਉਪਲਬਧ "ਸਿਹਤ ਜਾਣਕਾਰੀ ਐਕਸਚੇਂਜ ਤੋਂ ਬਾਹਰ ਰਹਿਣ ਦੀ ਚੋਣ" ਫਾਰਮ ਨੂੰ ਭਰ ਕੇ, ਕਿਸੇ ਵੀ ਸਮੇਂ HIE ਰਾਹੀਂ ਆਪਣੀ ਜਾਣਕਾਰੀ ਨੂੰ ਇਲੈਕਟ੍ਰਾਨਿਕ ਤੌਰ

'ਤੇ ਸਾਂਝਾ ਨਾ ਕਰਨ ਦੀ ਚੋਣ ਕਰ ਸਕਦੇ ਹੋ ("ਬਾਹਰ ਹੋਣ ਦੀ ਚੋਣ ਕਰਨਾ")। ਜੇ ਤੁਸੀਂ HIE ਤੋਂ ਬਾਹਰ ਹੋਣ ਦੀ ਚੋਣ (Health Information Exchange Opt-Out) ਕਰਦੇ ਹੋ, ਤਾਂ ਇਸ ਨਾਲ Kaiser Permanente ਵਿਖੇ ਦੇਖਭਾਲ ਤੱਕ ਤੁਹਾਡੀ ਪਹੁੰਚ 'ਤੇ ਕਿਸੇ ਵੀ ਤਰ੍ਹਾਂ ਨਾਲ ਅਸਰ ਨਹੀਂ ਪਵੇਗਾ।

- ਜੇ ਤੁਹਾਡੇ ਮੈਡੀਕਲ ਰਿਕਾਰਡ ਵਿੱਚ ਕੁਝ ਖਾਸ ਜਾਣਕਾਰੀ ਸ਼ਾਮਲ ਹੈ (ਜਿਵੇਂ ਕਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਦੇ ਪ੍ਰੋਗਰਾਮ ਤੋਂ) ਜਿਸ ਲਈ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਰਾਜ ਜਾਂ ਸੰਘੀ ਕਾਨੂੰਨ ਦੇ ਤਹਿਤ ਤੁਹਾਡੀ ਰਜ਼ਾਮੰਦੀ ਦੀ ਲੋੜ ਹੁੰਦੀ ਹੈ, ਤਾਂ Kaiser Permanente ਉਸ ਜਾਣਕਾਰੀ ਨੂੰ ਉਦੋਂ ਤੱਕ HIE ਰਾਹੀਂ ਤੁਹਾਡੇ ਦੂਜੇ ਇਲਾਜ ਪ੍ਰਦਾਤਾਵਾਂ ਨੂੰ ਜਾਰੀ ਨਹੀਂ ਕਰੇਗਾ ਜਦੋਂ ਤੱਕ ਤੁਸੀਂ ਰਜ਼ਾਮੰਦੀ ਨਹੀਂ ਦਿੰਦੇ ਹੋ। ਇਹ ਪਤਾ ਕਰਨ ਲਈ ਕਿ ਇਸ ਤੋਂ ਪਹਿਲਾਂ ਕਿ Kaiser Permanente HIE ਰਾਹੀਂ ਤੁਹਾਡੇ ਰਿਕਾਰਡ ਜਾਰੀ ਕਰ ਸਕੇ ਤੁਹਾਡੀ ਰਜ਼ਾਮੰਦੀ ਦੀ ਲੋੜ ਹੈ, ਅਤੇ ਰਜ਼ਾਮੰਦੀ ਦੇਣ ਲਈ, ਇੱਥੇ ਕਲਿੱਕ ਕਰੋ https://healthy.kaiserpermanente.org/health/mycare/consumer/my-health-manager/my-medical-record/authorize-sharing/ (ਅੰਗਰੇਜ਼ੀ ਵਿੱਚ)
- ਕੈਲੀਫ਼ੋਰਨੀਆ ਦੇ ਕਾਨੂੰਨ ਦੇ ਅਨੁਸਾਰ, ਗਰਭਪਾਤ ਅਤੇ ਗਰਭਪਾਤ ਨਾਲ ਸੰਬੰਧਿਤ ਸੇਵਾਵਾਂ ਨਾਲ ਸੰਬੰਧਿਤ ਮੈਡੀਕਲ ਜਾਣਕਾਰੀ ਨੂੰ HIE ਰਾਹੀਂ ਕੈਲੀਫ਼ੋਰਨੀਆ ਤੋਂ ਬਾਹਰ ਦੀਆਂ ਇਕਾਈਆਂ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਤੁਸੀਂ ਜਾਇਜ਼ ਅਧਿਕਾਰ ਪ੍ਰਦਾਨ ਨਹੀਂ ਕੀਤਾ ਹੈ ਜਾਂ ਤੁਹਾਡੇ ਅਧਿਕਾਰ ਤੋਂ ਬਿਨਾਂ ਸਾਂਝਾ ਕਰਨ ਦੀ ਕਾਨੂੰਨ ਦੁਆਰਾ ਇਜਾਜ਼ਤ ਨਹੀਂ ਹੈ।

- ਸੁਰੱਖਿਅਤ ਸਿਹਤ ਜਾਣਕਾਰੀ **(PHI)** ਦੀਆਂ ਖਾਸ ਕਿਸਮਾਂ**:** ਸੁਰੱਖਿਅਤ ਸਿਹਤ ਜਾਣਕਾਰੀ (PHI) ਦੀਆਂ ਕੁਝ ਕਿਸਮਾਂ ਦੀ ਵਰਤੋਂ ਅਤੇ ਖੁਲਾਸੇ ਲਈ ਸਖ਼ਤ ਲੋੜਾਂ ਹਨ—ਉਦਾਹਰਨ ਲਈ, ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਦੀ ਦੁਰਵਰਤੋਂ ਬਾਰੇ ਮਰੀਜ਼ ਜਾਣਕਾਰੀ, HIV ਟੈਸਟ, ਅਤੇ ਜੈਨੇਟਿਕ ਟੈਸਟਿੰਗ ਜਾਣਕਾਰੀ। ਹਾਲਾਂਕਿ, ਹਾਲੇ ਵੀ ਅਜਿਹੇ ਹਾਲਾਤ ਹਨ ਜਿਨ੍ਹਾਂ ਵਿੱਚ ਇਸ ਕਿਸਮ ਦੀ ਜਾਣਕਾਰੀ ਨੂੰ ਤੁਹਾਡੇ ਅਧਿਕਾਰ ਦੇ ਬਿਨਾਂ ਵਰਤਿਆ ਜਾਂ ਇਸਦਾ ਖੁਲਾਸਾ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸਾਡੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ (SUD) ਪ੍ਰੋਗਰਾਮ ਵਿੱਚ ਮਰੀਜ਼ ਬਣ ਜਾਂਦੇ ਹੋ, ਤਾਂ ਅਸੀਂ ਤੁਹਾਨੂੰ ਤੁਹਾਡੇ SUD ਪ੍ਰੋਗਰਾਮ ਸੁਰੱਖਿਅਤ ਸਿਹਤ ਜਾਣਕਾਰੀ (PHI) ਲਈ ਤੁਹਾਡੇ ਪਰਦੇਦਾਰੀ ਅਧਿਕਾਰਾਂ ਬਾਰੇ ਇੱਕ ਵੱਖਰਾ ਲਿਖਤੀ ਨੋਟਿਸ ਦੇਵਾਂਗੇ, ਜਿਵੇਂ ਕਿ ਕਾਨੂੰਨ ਦੁਆਰਾ ਲੋੜੀਂਦਾ ਹੈ।
- ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ (SUD) ਪ੍ਰੋਗਰਾਮ ਤੋਂ ਤਿਆਰ ਕੀਤੇ ਗਏ ਤੁਹਾਡੇ SUD ਰਿਕਾਰਡਾਂ ਦੀ ਵਰਤੋਂ ਅਤੇ ਖੁਲਾਸੇ ਲਈ, ਤੁਸੀਂ ਇਸ ਨੋਟਿਸ ਵਿੱਚ ਵਰਣਨ ਕੀਤੇ ਅਨੁਸਾਰ ਇਲਾਜ, ਭੁਗਤਾਨ, ਅਤੇ ਸਿਹਤ ਦੀ ਦੇਖਭਾਲ ਸੰਬੰਧੀ ਕੰਮ-ਕਾਜਾਂ ਦੇ ਉਦੇਸ਼ਾਂ ਲਈ ਭਵਿੱਖ ਦੀਆਂ ਸਾਰੀਆਂ ਵਰਤੋਂ ਜਾਂ ਖੁਲਾਸਿਆਂ ਲਈ ਇੱਕੋ ਰਜ਼ਾਮੰਦੀ ਦੇ ਸਕਦੇ ਹੋ। ਜਦੋਂ ਇਕੱਲੀ ਰਜ਼ਾਮੰਦੀ ਪ੍ਰਦਾਨ ਕੀਤੀ ਜਾਂਦੀ ਹੈ, ਤਾਂ ਅਸੀਂ ਸਿਹਤ ਬੀਮਾ ਪੋਰਟੇਬਿਲਟੀ ਅਤੇ ਜਵਾਬਦੇਹੀ ਅਧਿਨਿਯਮ (HIPAA) ਨਿਯਮਾਂ ਦੁਆਰਾ ਇਜਾਜ਼ਤ ਦਿੱਤੇ ਅਨੁਸਾਰ ਇਲਾਜ, ਭੁਗਤਾਨ, ਅਤੇ ਸਿਹਤ ਦੀ ਦੇਖਭਾਲ ਸੰਬੰਧੀ ਕੰਮ-ਕਾਜਾਂ ਲਈ ਉਨ੍ਹਾਂ ਰਿਕਾਰਡਾਂ ਦੀ ਵਰਤੋਂ ਅਤੇ ਖੁਲਾਸਾ ਕਰ ਸਕਦੇ ਹਾਂ, ਜਦੋਂ ਤੱਕ ਤੁਸੀਂ ਲਿਖਤੀ ਰੂਪ ਵਿੱਚ ਆਪਣੀ ਸਹਿਮਤੀ ਨੂੰ ਰੱਦ ਨਹੀਂ ਕਰਦੇ ਹੋ।
- ਅੰਡਰਰਾਈਟਿੰਗ**:** ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਨੂੰ, ਲਾਗੂ ਹੋਣ ਵਾਲੇ ਕਾਨੂੰਨ ਦੇ ਅਧੀਨ ਇਜਾਜ਼ਤ ਦਿੱਤੀ ਹੱਦ ਤੱਕ, ਅੰਡਰਰਾਈਟਿੰਗ ਉਦੇਸ਼ਾਂ ਲਈ, ਜਿਸ ਵਿੱਚ ਫਾਇਦੇ ਦੀ ਯੋਗਤਾ ਅਤੇ ਕਵਰੇਜ ਦੀਆਂ ਲਾਗਤਾਂ ਦਾ ਨਿਰਧਾਰਨ ਕਰਨਾ ਅਤੇ ਫਾਇਦਾ ਨੀਤੀ ਜਾਰੀ ਕਰਨ ਨਾਲ ਸੰਬੰਧਿਤ ਹੋਰ ਗਤੀਵਿਧੀਆਂ ਕਰਨਾ ਸ਼ਾਮਲ ਹੈ, ਲਈ ਵਰਤ ਸਕਦੇ ਹਾਂ ਅਤੇ ਇਸਦਾ ਖੁਲਾਸਾ ਕਰ ਸਕਦੇ ਹਾਂ। ਹਾਲਾਂਕਿ, ਅਸੀਂ ਅੰਡਰਰਾਈਟਿੰਗ ਦੇ ਉਦੇਸ਼ਾਂ, ਜੈਨੇਟਿਕ ਜਾਣਕਾਰੀ, ਨਸਲ/ਜਾਤੀ, ਭਾਸ਼ਾ, ਲਿੰਗੀ ਪਛਾਣ, ਜਿਨਸੀ ਰੁਝਾਨ, ਅਤੇ ਪੜਨਾਂਵ ਡੇਟਾ ਨੂੰ ਸਮੀਖਿਆ ਜਾਂ ਖੁਲਾਸੇ ਤੋਂ ਬਾਹਰ ਰੱਖਦੇ ਹਾਂ। ਤੁਹਾਡੀ ਜੈਨੇਟਿਕ ਜਾਣਕਾਰੀ ਵਿੱਚ ਤੁਹਾਡੇ ਜੈਨੇਟਿਕ ਟੈਸਟਾਂ, ਤੁਹਾਡੇ ਪਰਿਵਾਰਕ ਮੈਂਬਰਾਂ ਦੇ ਜੈਨੇਟਿਕ ਟੈਸਟਾਂ, ਅਤੇ ਤੁਹਾਡੇ ਜਾਂ ਕਿਸੇ ਪਰਿਵਾਰਕ ਮੈਂਬਰ ਦੁਆਰਾ ਜੈਨੇਟਿਕ ਸੇਵਾਵਾਂ ਲਈ ਬੇਨਤੀਆਂ ਜਾਂ ਪ੍ਰਾਪਤੀ ਬਾਰੇ ਜਾਣਕਾਰੀ ਸ਼ਾਮਲ ਹੈ।

- ਪਰਿਵਾਰ ਅਤੇ ਦੂਜਿਆਂ ਨਾਲ ਸੰਚਾਰ ਜਦੋਂ ਤੁਸੀਂ ਮੌਜੂਦ ਹੁੰਦੇ ਹੋ: ਕਈ ਵਾਰੀ ਜਦੋਂ ਅਸੀਂ ਤੁਹਾਡੇ ਨਾਲ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਬਾਰੇ ਚਰਚਾ ਕਰ ਰਹੇ ਹੁੰਦੇ ਹਾਂ ਤਾਂ ਕੋਈ ਪਰਿਵਾਰਕ ਮੈਂਬਰ ਜਾਂ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਕੋਈ ਹੋਰ ਵਿਅਕਤੀ ਮੌਜੂਦ ਹੋਵੇਗਾ। ਜੇ ਤੁਸੀਂ ਇਤਰਾਜ਼ ਕਰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਅਤੇ ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਬਾਰੇ ਚਰਚਾ ਨਹੀਂ ਕਰਾਂਗੇ ਜਾਂ ਅਸੀਂ ਵਿਅਕਤੀ ਨੂੰ ਜਾਣ ਲਈ ਕਹਾਂਗੇ।

- ਪਰਿਵਾਰ ਅਤੇ ਦੂਜਿਆਂ ਨਾਲ ਸੰਚਾਰ ਜਦੋਂ ਤੁਸੀਂ ਨਹੀਂ ਮੌਜੂਦ ਨਹੀਂ ਹੁੰਦੇ ਹੋ: ਅਜਿਹੇ ਸਮੇਂ ਹੋ ਸਕਦੇ ਹਨ ਜਦੋਂ ਕਿਸੇ ਪਰਿਵਾਰਕ ਮੈਂਬਰ ਜਾਂ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਕਿਸੇ ਹੋਰ ਵਿਅਕਤੀ ਨੂੰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰਨਾ ਜ਼ਰੂਰੀ ਹੁੰਦਾ ਹੈ ਕਿਉਂਕਿ ਕੋਈ ਐਮਰਜੈਂਸੀ ਹੈ, ਤੁਸੀਂ ਮੌਜੂਦ ਨਹੀਂ ਹੋ, ਜਾਂ ਤੁਹਾਡੇ ਕੋਲ ਸਹਿਮਤ ਹੋਣ ਜਾਂ ਇਤਰਾਜ਼ ਕਰਨ ਦੀ ਫੈਸਲਾ ਲੈਣ ਦੀ ਸਮਰੱਥਾ ਨਹੀਂ ਹੈ। ਅਜਿਹੇ ਮਾਮਲਿਆਂ ਵਿੱਚ, ਅਸੀਂ ਇਹ ਨਿਰਧਾਰਤ ਕਰਨ ਲਈ ਆਪਣੇ ਪੇਸ਼ੇਵਰ ਨਿਰਣੇ ਦੀ ਵਰਤੋਂ ਕਰਾਂਗੇ ਕਿ ਕੀ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰਨਾ ਤੁਹਾਡੇ ਬਿਹਤਰੀਨ ਹਿੱਤ ਵਿੱਚ ਹੈ। ਜੇ ਅਜਿਹਾ ਹੈ, ਤਾਂ ਅਸੀਂ ਖੁਲਾਸੇ ਨੂੰ ਉਸ ਸੁਰੱਖਿਅਤ ਸਿਹਤ ਜਾਣਕਾਰੀ (PHI) ਤੱਕ ਸੀਮਿਤ ਕਰਾਂਗੇ ਜੋ ਤੁਹਾਡੀ ਸਿਹਤ ਦੇਖਭਾਲ ਵਿੱਚ ਵਿਅਕਤੀ ਦੀ ਸ਼ਮੂਲੀਅਤ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਹੈ। ਉਦਾਹਰਨ ਲਈ, ਅਸੀਂ ਕਿਸੇ ਨੂੰ ਤੁਹਾਡੇ ਲਈ ਨੁਸਖ਼ਾ ਲੈਣ ਦੀ ਇਜਾਜ਼ਤ ਦੇ ਸਕਦੇ ਹਾਂ।

- ਆਫ਼ਤ ਰਾਹਤ ਦੇ ਮਾਮਲੇ ਵਿੱਚ ਖੁਲਾਸਾ: ਅਸੀਂ ਆਫ਼ਤ ਵਿੱਚ ਰਾਹਤ ਦੇ ਯਤਨਾਂ ਵਿੱਚ ਸਹਾਇਤਾ ਕਰਨ ਲਈ ਕਿਸੇ ਜਨਤੱਕ ਜਾਂ ਨਿੱਜੀ ਆਫ਼ਤ ਰਾਹਤ ਸੰਗਠਨ ਕੋਲ ਤੁਹਾਡਾ ਨਾਮ, ਰਿਹਾਇਸ਼ ਵਾਲਾ ਸ਼ਹਿਰ, ਉਮਰ, ਲਿੰਗ, ਅਤੇ ਆਮ ਸਥਿਤੀ ਦਾ ਖੁਲਾਸਾ ਕਰ ਸਕਦੇ ਹਾਂ, ਜਦੋਂ ਤੱਕ ਤੁਸੀਂ ਉਸ ਸਮੇਂ ਇਤਰਾਜ਼ ਨਹੀਂ ਕਰਦੇ ਹੋ।

- ਨਾਬਾਲਗਾਂ ਦੇ ਨਿੱਜੀ ਨੁਮਾਇੰਦਿਆਂ ਵਜੋਂ ਮਾਪਿਆਂ ਨੂੰ ਖੁਲਾਸੇ: ਜ਼ਿਆਦਾਤਰ ਮਾਮਲਿਆਂ ਵਿੱਚ, ਅਸੀਂ ਤੁਹਾਨੂੰ ਤੁਹਾਡੇ ਨਾਬਾਲਗ ਬੱਚੇ ਦੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ। ਹਾਲਾਂਕਿ, ਕੁਝ ਸਥਿਤੀਆਂ ਵਿੱਚ, ਸਾਨੂੰ ਕਾਨੂੰਨ ਦੁਆਰਾ ਤੁਹਾਡੇ ਨਾਬਾਲਗ ਬੱਚੇ ਦੀ ਸੁਰੱਖਿਅਤ ਸਿਹਤ ਜਾਣਕਾਰੀ (PHI) ਤੱਕ ਤੁਹਾਡੀ ਪਹੁੰਚ ਤੋਂ ਇਨਕਾਰ ਕਰਨ ਦੀ ਇਜਾਜ਼ਤ ਹੁੰਦੀ ਹੈ ਜਾਂ ਇਸਦੀ ਲੋੜ ਵੀ ਹੁੰਦੀ ਹੈ। ਸਿਹਤ ਦੇਖਭਾਲ ਦੀ ਕਿਸਮ ਦੇ ਅਧਾਰ 'ਤੇ ਸਾਨੂੰ ਅਜਿਹੀ ਪਹੁੰਚ ਤੋਂ ਲਾਜ਼ਮੀ ਇਨਕਾਰ ਕਰਨਾ ਚਾਹੀਦਾ ਹੈ, ਇਸਦੀ ਇੱਕ ਉਦਾਹਰਨ ਹੈ ਜਦੋਂ 12 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਕੋਈ ਨਾਬਾਲਗ ਕਿਸੇ ਸੰਚਾਰੀ ਬਿਮਾਰੀ ਜਾਂ ਸਥਿਤੀ ਲਈ ਦੇਖਭਾਲ ਦੀ ਮੰਗ ਕਰਦਾ ਹੈ। ਇੱਕ ਹੋਰ ਸਥਿਤੀ ਜਦੋਂ ਸਾਨੂੰ ਮਾਪਿਆਂ ਤੱਕ ਪਹੁੰਚ ਤੋਂ ਲਾਜ਼ਮੀ ਇਨਕਾਰ ਕਰਨਾ ਚਾਹੀਦਾ ਹੈ, ਉਹ ਹੈ ਜਦੋਂ ਨਾਬਾਲਗਾਂ ਨੂੰ ਆਪਣੀ ਸਿਹਤ ਦੇਖਭਾਲ ਦੇ ਫੈਸਲੇ ਲੈਣ ਦੇ ਬਾਲਗ ਅਧਿਕਾਰ ਹੁੰਦੇ ਹਨ। ਇਨ੍ਹਾਂ ਨਾਬਾਲਗਾਂ ਵਿੱਚ, ਉਦਾਹਰਨ ਲਈ, ਅਜਿਹੇ ਨਾਬਾਲਗ ਸ਼ਾਮਲ ਹਨ ਜੋ ਵਿਆਹੇ ਹੋਏ ਸਨ ਜਾਂ ਹਨ ਜਾਂ ਜਿਨ੍ਹਾਂ ਕੋਲ ਅਦਾਲਤ ਤੋਂ ਮੁਕਤੀ ਦੀ ਘੋਸ਼ਣਾ ਹੈ।

- ਸੁਵਿਧਾ-ਸਥਲ (ਫੈਸਿਲਿਟੀ) ਡਾਇਰੈਕਟਰੀਆਂ: ਜਦੋਂ ਤੁਸੀਂ ਸਾਡੇ ਸੁਵਿਧਾ-ਸਥਲਾਂ (ਫੈਸਿਲਿਟੀਆਂ) ਵਿੱਚੋਂ ਕਿਸੇ ਵਿੱਚ ਮਰੀਜ਼ ਹੋ, ਤਾਂ ਅਸੀਂ ਇੱਕ ਡਾਇਰੈਕਟਰੀ ਬਣਾ ਸਕਦੇ ਹਾਂ ਜਿਸ ਵਿੱਚ ਤੁਹਾਡਾ ਨਾਮ, ਕਮਰੇ ਦਾ ਸਥਾਨ, ਅਤੇ ਤੁਹਾਡੀ ਆਮ ਸਥਿਤੀ ਸ਼ਾਮਲ ਹੁੰਦੀ ਹੈ। ਇਸ ਜਾਣਕਾਰੀ ਦਾ ਖੁਲਾਸਾ ਉਸ ਵਿਅਕਤੀ ਨੂੰ ਕੀਤਾ ਜਾ ਸਕਦਾ ਹੈ ਜੋ ਨਾਮ ਦੇ ਕੇ ਤੁਹਾਡੇ ਬਾਰੇ ਪੁੱਛਦਾ ਹੈ। ਇਸ ਤੋਂ ਇਲਾਵਾ, ਅਸੀਂ ਪਾਦਰੀ ਨੂੰ ਤੁਹਾਡੀ ਧਾਰਮਿਕ ਮਾਨਤਾ, ਜੇ ਕੋਈ ਹੈ, ਮੁਹੱਈਆ ਕਰ ਸਕਦੇ ਹਾਂ। ਤੁਸੀਂ ਇਸ ਜਾਣਕਾਰੀ ਵਿੱਚੋਂ ਕੁਝ ਜਾਂ ਸਾਰੀ ਜਾਣਕਾਰੀ ਦੀ ਵਰਤੋਂ ਜਾਂ ਖੁਲਾਸੇ 'ਤੇ ਇਤਰਾਜ਼ ਕਰ ਸਕਦੇ ਹੋ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਅਸੀਂ ਮੁਲਾਕਾਤੀਆਂ ਜਾਂ ਜਨਤਾ ਦੇ ਹੋਰ ਮੈਂਬਰਾਂ ਨੂੰ ਇਸਦਾ ਖੁਲਾਸਾ ਨਹੀਂ ਕਰਾਂਗੇ।

- ਖੋਜ: Kaiser Permanente ਵਿਆਪਕ ਅਤੇ ਮਹੱਤਵਪੂਰਨ ਖੋਜ ਵਿੱਚ ਸ਼ਾਮਲ ਹੈ। ਸਾਡੀਆਂ ਕੁਝ ਖੋਜਾਂ ਵਿੱਚ ਮੈਡੀਕਲ ਪ੍ਰਕਿਰਿਆਵਾਂ ਸ਼ਾਮਲ ਹੋ ਸਕਦੀਆਂ ਹਨ ਅਤੇ ਕੁਝ ਸਿਹਤ ਸੰਬੰਧੀ ਡੇਟਾ ਨੂੰ ਇਕੱਤਰ ਕਰਨ ਅਤੇ ਉਸਦਾ ਵਿਸ਼ਲੇਸ਼ਣ ਕਰਨ ਤੱਕ ਸੀਮਿਤ ਹੁੰਦੀਆਂ ਹਨ। ਹਰ ਕਿਸਮ ਦੀ ਖੋਜ ਵਿੱਚ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਜਾਂ ਖੁਲਾਸਾ ਸ਼ਾਮਲ ਹੋ ਸਕਦਾ ਹੈ। ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਨੂੰ ਆਮ ਤੌਰ

'ਤੇ ਤੁਹਾਡੀ ਇਜਾਜ਼ਤ ਦੇ ਬਿਨਾਂ ਖੋਜ ਲਈ ਵਰਤਿਆ ਜਾਂ ਇਸਦਾ ਖੁਲਾਸਾ ਕੀਤਾ ਜਾ ਸਕਦਾ ਹੈ ਜੇ ਕੋਈ ਸੰਸਥਾਗਤ ਸਮੀਖਿਆ ਬੋਰਡ (IRB) ਅਜਿਹੀ ਵਰਤੋਂ ਜਾਂ ਖੁਲਾਸੇ ਨੂੰ ਮਨਜ਼ੂਰੀ ਦਿੰਦਾ ਹੈ। IRB ਅਜਿਹੀ ਕਮੇਟੀ ਹੁੰਦੀ ਹੈ ਜੋ ਸੰਘੀ ਕਾਨੂੰਨ ਦੇ ਤਹਿਤ, ਭਾਗੀਦਾਰਾਂ ਦੀ ਸੁਰੱਖਿਆ ਅਤੇ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਗੁਪਤਤਾ ਦੀ ਰੱਖਿਆ ਕਰਨ ਲਈ ਮਨੁੱਖੀ ਵਿਸ਼ਾ-ਵਿਅਕਤੀਆਂ ਦੀ ਖੋਜ ਦੀ ਸਮੀਖਿਆ ਕਰਨ ਅਤੇ ਇਸ ਨੂੰ ਪ੍ਰਵਾਨਗੀ ਦੇਣ ਲਈ ਜ਼ਿੰਮੇਵਾਰ ਹੁੰਦੀ ਹੈ।

- ਅੰਗ ਦਾਨ: ਅਸੀਂ ਅੰਗ, ਅੱਖਾਂ, ਜਾਂ ਹੋਰ ਊਤੱਕ ਦਾਨ ਵਿੱਚ ਸਹਾਇਤਾ ਕਰਨ ਲਈ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਜਾਂ ਅੰਗ-ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਨੂੰ ਇਸਦਾ ਖੁਲਾਸਾ ਕਰ ਸਕਦੇ ਹਾਂ।
- ਜਨਤੱਕ ਸਿਹਤ ਗਤੀਵਿਧੀਆਂ: ਜਨਤੱਕ ਸਿਹਤ ਗਤੀਵਿਧੀਆਂ ਵਿੱਚ ਜਨਤੱਕ ਸਿਹਤ ਨੂੰ ਉਤਸ਼ਾਹਿਤ ਕਰਨ ਅਤੇ ਇਸਦੀ ਰੱਖਿਆ ਕਰਨ ਲਈ ਸਰਕਾਰੀ ਏਜੰਸੀਆਂ ਦੁਆਰਾ ਕੀਤੇ ਜਾਂ ਅਧਿਕਾਰਤ ਕੀਤੇ ਗਏ ਬਹੁਤ ਸਾਰੇ ਕਾਰਜ ਸ਼ਾਮਲ ਹੁੰਦੇ ਹਨ ਅਤੇ ਇਨ੍ਹਾਂ ਲਈ ਸਾਨੂੰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰਨ ਦੀ ਲੋੜ ਹੋ ਸਕਦੀ ਹੈ।
  - ਉਦਾਹਰਨ ਲਈ, ਅਸੀਂ ਜਨਤੱਕ ਸਿਹਤ ਅਧਿਕਾਰੀਆਂ ਨੂੰ ਕੁਝ ਬਿਮਾਰੀਆਂ, ਸੱਟਾਂ, ਸਥਿਤੀਆਂ, ਅਤੇ ਜਨਮ ਵਰਗੀਆਂ ਮਹੱਤਵਪੂਰਨ ਘਟਨਾਵਾਂ ਦੀ ਰਿਪੋਰਟ ਕਰਨ ਦੀ ਸਾਡੀ ਜ਼ਿੰਮੇਵਾਰੀ ਦੇ ਹਿੱਸੇ ਵਜੋਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ। ਕਈ ਵਾਰ ਅਸੀਂ ਕਿਸੇ ਅਜਿਹੇ ਵਿਅਕਤੀ ਨੂੰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ ਜਿਸ ਨੂੰ ਤੁਸੀਂ ਕਿਸੇ ਸੰਚਾਰੀ ਬਿਮਾਰੀ ਦੇ ਸੰਪਰਕ ਵਿੱਚ ਲਿਆਂਦਾ ਹੋ ਸਕਦਾ ਹੈ ਜਾਂ ਜੋ ਉੰਝ ਬਿਮਾਰੀ ਹੋਣ ਜਾਂ ਫੈਲਾਉਣ ਦੇ ਜੋਖ਼ਮ ਵਿੱਚ ਹੋ ਸਕਦਾ ਹੈ।
  - ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (Food and Drug Administration, FDA) ਕੁਝ ਮੈਡੀਕਲ ਉਤਪਾਦਾਂ, ਜਿਵੇਂ ਕਿ ਪੇਸਮੇਕਰ ਅਤੇ ਕੁੱਲ੍ਹਾ ਬਦਲਣਾ, 'ਤੇ ਨਜ਼ਰ ਰੱਖਣ ਅਤੇ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੈ ਤਾਂ ਜੋ ਉਤਪਾਦ ਦੀਆਂ ਸਮੱਸਿਆਵਾਂ ਅਤੇ ਅਸਫਲਤਾਵਾਂ ਅਤੇ ਸੱਟਾਂ ਦੀ ਪਛਾਣ ਕੀਤੀ ਜਾ ਸਕੇ ਜੋ ਉਨ੍ਹਾਂ ਦੇ ਕਾਰਨ ਲੱਗੀਆਂ ਹੋ ਸਕਦੀਆਂ ਹਨ। ਜੇ ਤੁਸੀਂ ਇਨ੍ਹਾਂ ਵਿੱਚੋਂ ਇੱਕ ਉਤਪਾਦ ਪ੍ਰਾਪਤ ਕੀਤਾ ਹੈ, ਤਾਂ ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਅਤੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (FDA) ਜਾਂ ਹੋਰ ਅਧਿਕਾਰਤ ਵਿਅਕਤੀਆਂ ਜਾਂ ਸੰਗਠਨਾਂ, ਜਿਵੇਂ ਕਿ ਉਤਪਾਦ ਬਣਾਉਣ ਵਾਲਿਆਂ, ਕੋਲ ਇਸਦਾ ਖੁਲਾਸਾ ਕਰ ਸਕਦੇ ਹਾਂ।
  - ਅਸੀਂ ਕੰਮ ਕਰਨ ਦੇ ਸਥਾਨ ਦੀ ਸੁਰੱਖਿਆ ਨੂੰ ਨਿਯੰਤ੍ਰਿਤ ਕਰਨ ਵਾਲੇ ਸੰਘੀ ਅਤੇ ਰਾਜ ਦੇ ਕਾਨੂੰਨਾਂ ਦੀ ਪਾਲਣਾ ਕਰਨ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਅਤੇ ਖੁਲਾਸਾ ਕਰ ਸਕਦੇ ਹਾਂ।
- ਸਿਹਤ ਦੀ ਨਿਗਰਾਨੀ: ਸਿਹਤ ਦੇਖਭਾਲ ਪ੍ਰਦਾਤਾਵਾਂ ਅਤੇ ਸਿਹਤ ਪਲੈਨਾਂ ਦੇ ਰੂਪ ਵਿੱਚ, ਅਸੀਂ ਸੰਘੀ ਅਤੇ ਰਾਜ ਦੀਆਂ ਏਜੰਸੀਆਂ ਦੁਆਰਾ ਕੀਤੀ ਜਾਂਦੀ ਨਿਗਰਾਨੀ ਦੇ ਅਧੀਨ ਹਾਂ। ਇਹ ਏਜੰਸੀਆਂ ਸਾਡੇ ਕੰਮ-ਕਾਜ ਅਤੇ ਗਤੀਵਿਧੀਆਂ ਦਾ ਆਡਿਟ ਕਰ ਸਕਦੀਆਂ ਹਨ ਅਤੇ ਉਸ ਪ੍ਰਕਿਰਿਆ ਵਿੱਚ, ਉਹ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਸਮੀਖਿਆ ਕਰ ਸਕਦੀਆਂ ਹਨ।
- ਤੁਹਾਡੇ ਰੁਜ਼ਗਾਰਦਾਤਾ ਜਾਂ ਤੁਹਾਡੇ ਕਰਮਚਾਰੀ ਸੰਗਠਨ ਨੂੰ ਖੁਲਾਸੇ: ਜੇ ਤੁਸੀਂ ਆਪਣੇ ਰੁਜ਼ਗਾਰਦਾਤਾ ਜਾਂ ਕਰਮਚਾਰੀ ਸੰਗਠਨ ਦੇ ਮਾਧਿਅਮ ਨਾਲ Kaiser Foundation Health Plan, Inc. ਵਿੱਚ ਨਾਮਾਂਕਿਤ ਹੋ, ਤਾਂ ਅਸੀਂ ਤੁਹਾਡੇ ਅਧਿਕਾਰ ਦੇ ਬਿਨਾਂ ਉਨ੍ਹਾਂ ਨਾਲ ਕੁਝ ਖਾਸ ਸੁਰੱਖਿਅਤ ਸਿਹਤ ਜਾਣਕਾਰੀ (PHI) ਸਾਂਝੀ ਕਰ ਸਕਦੇ ਹਾਂ, ਪਰ ਸਿਰਫ ਉਦੋਂ ਜਦੋਂ ਕਾਨੂੰਨ ਦੁਆਰਾ ਇਜਾਜ਼ਤ ਦਿੱਤੀ ਗਈ ਹੈ। ਉਦਾਹਰਨ ਲਈ, ਅਸੀਂ ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ ਲਈ ਜਾਂ ਇਹ ਨਿਰਧਾਰਤ ਕਰਨ ਲਈ ਕਿ ਕੀ ਤੁਸੀਂ ਪਲੈਨ ਵਿੱਚ ਨਾਮਾਂਕਿਤ ਹੋ ਜਾਂ ਕੀ ਤੁਹਾਡੀ ਤਰਫ਼ੋਂ ਪ੍ਰੀਮੀਅਮਾਂ ਦਾ ਭੁਗਤਾਨ ਕੀਤਾ ਗਿਆ ਹੈ, ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ। ਹੋਰ ਉਦੇਸ਼ਾਂ ਲਈ, ਜਿਵੇਂ ਕਿ ਤੁਹਾਡੀ ਤਰਫ਼ੋਂ ਤੁਹਾਡੇ ਰੁਜ਼ਗਾਰਦਾਤਾ ਜਾਂ ਕਰਮਚਾਰੀ ਸੰਗਠਨ ਦੁਆਰਾ ਪੁੱਛ-ਗਿਛ ਲਈ, ਅਸੀਂ ਲਾਗੂ ਕਾਨੂੰਨ ਦੇ ਤਹਿਤ ਜ਼ਰੂਰੀ ਹੋਣ 'ਤੇ ਤੁਹਾਡਾ ਅਧਿਕਾਰ ਪ੍ਰਾਪਤ ਕਰਾਂਗੇ।

- ਕਰਮਚਾਰੀਆਂ ਦਾ ਮੁਆਵਜ਼ਾ: ਅਸੀਂ ਕਰਮਚਾਰੀਆਂ ਦਾ ਮੁਆਵਜ਼ਾ ਕਾਨੂੰਨਾਂ ਦੀ ਪਾਲਣਾ ਕਰਨ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਅਤੇ ਇਸਦਾ ਖੁਲਾਸਾ ਕਰ ਸਕਦੇ ਹਾਂ। ਉਦਾਹਰਨ ਲਈ, ਅਸੀਂ ਕਿਸੇ ਕੰਮ ਨਾਲ ਸੰਬੰਧਿਤ ਸੱਟ ਜਾਂ ਬਿਮਾਰੀ ਦੇ ਸੰਬੰਧ ਵਿੱਚ ਦਾਅਵਾ ਪ੍ਰਸ਼ਾਸਕਾਂ, ਬੀਮਾ ਕੈਰੀਅਰਾਂ, ਅਤੇ ਕਰਮਚਾਰੀਆਂ ਦਾ ਮੁਆਵਜ਼ਾ ਫਾਇਦਿਆਂ ਲਈ ਤੁਹਾਡੇ ਦਾਅਵੇ ਦਾ ਮੁਲਾਂਕਣ ਕਰਨ ਲਈ ਜ਼ਿੰਮੇਵਾਰ ਹੋਰ ਲੋਕਾਂ ਨੂੰ ਤੁਹਾਡੀ ਮੈਡੀਕਲ ਜਾਣਕਾਰੀ ਦੇ ਸਕਦੇ ਹਾਂ।
- ਮਿਲਟਰੀ ਗਤੀਵਿਧੀ ਅਤੇ ਰਾਸ਼ਟਰੀ ਸੁਰੱਖਿਆ: ਅਸੀਂ ਕਦੇ-ਕਦੇ ਹਥਿਆਰਬੰਦ ਬਲਾਂ ਦੇ ਕਰਮਚਾਰੀਆਂ ਦੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਕਰ ਸਕਦੇ ਹਾਂ ਜਾਂ ਲਾਗੂ ਹੋਣ ਵਾਲੀਆਂ ਮਿਲਟਰੀ ਅਥਾਰਿਟੀਆਂ ਨੂੰ ਇਸ ਦਾ ਖੁਲਾਸਾ ਕਰ ਸਕਦੇ ਹਾਂ ਜਦੋਂ ਉਹ ਮੰਨਦੇ ਹਨ ਕਿ ਇਹ ਮਿਲਟਰੀ ਮਿਸ਼ਨਾਂ ਨੂੰ ਸਹੀ ਢੰਗ ਨਾਲ ਪੂਰਾ ਕਰਨ ਲਈ ਜ਼ਰੂਰੀ ਹੈ। ਅਸੀਂ ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਗਤੀਵਿਧੀਆਂ ਲਈ ਜਾਂ ਰਾਸ਼ਟਰਪਤੀ ਅਤੇ ਹੋਰ ਸਰਕਾਰੀ ਅਧਿਕਾਰੀਆਂ ਅਤੇ ਪਤਵੰਤਿਆਂ ਦੀ ਸੁਰੱਖਿਆ ਲਈ ਜ਼ਰੂਰੀ ਹੋਣ 'ਤੇ ਅਧਿਕਾਰਤ ਸੰਘੀ ਅਧਿਕਾਰੀਆਂ ਕੋਲ ਵੀ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ।
- ਫੰਡ ਇਕੱਠਾ ਕਰਨਾ: ਅਸੀਂ ਸਾਡੇ ਸੰਗਠਨ ਲਈ ਫੰਡ ਇਕੱਠਾ ਕਰਨ ਵਾਸਤੇ ਤੁਹਾਡੇ ਨਾਲ ਸੰਪਰਕ ਕਰਨ ਦੇ ਉਦੇਸ਼ ਲਈ ਤੁਹਾਡੀ ਜਨ-ਅੰਕੜਾ ਜਾਣਕਾਰੀ ਅਤੇ ਹੋਰ ਸੀਮਿਤ ਸੁਰੱਖਿਅਤ ਸਿਹਤ ਜਾਣਕਾਰੀ (PHI) ਜਿਵੇਂ ਕਿ ਤਾਰੀਖ਼ਾਂ ਅਤੇ ਜਿੱਥੇ ਸਿਹਤ ਦੇਖਭਾਲ ਮੁਹੱਈਆ ਕੀਤੀ ਗਈ ਸੀ, ਦੀ ਵਰਤੋਂ ਜਾਂ ਕੁਝ ਸੰਗਠਨਾਂ ਨੂੰ ਇਸਦਾ ਖੁਲਾਸਾ ਕਰ ਸਕਦੇ ਹਾਂ। ਜੇ ਅਸੀਂ ਫੰਡ ਇਕੱਠਾ ਕਰਨ ਦੇ ਉਦੇਸ਼ਾਂ ਲਈ ਤੁਹਾਡੇ ਨਾਲ ਸੰਪਰਕ ਕਰਦੇ ਹਾਂ, ਤਾਂ ਅਸੀਂ ਤੁਹਾਨੂੰ ਫੰਡ ਇਕੱਠਾ ਕਰਨ ਦੇ ਕੋਈ ਹੋਰ ਸੰਚਾਰ ਪ੍ਰਾਪਤ ਨਾ ਕਰਨ ਦੀ ਚੋਣ ਕਰਨ ਦਾ ਸਪੱਸ਼ਟ ਮੌਕਾ ਦਿਆਂਗੇ।
- ਕਾਨੂੰਨ ਦੁਆਰਾ ਲੋੜੀਂਦਾ: ਕੁਝ ਹਾਲਾਤ ਵਿੱਚ ਸੰਘੀ ਜਾਂ ਰਾਜ ਦਾ ਕਾਨੂੰਨ ਮੰਗ ਕਰਦਾ ਹੈ ਕਿ ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਦੂਜਿਆਂ ਨੂੰ ਖੁਲਾਸਾ ਕਰੀਏ। ਉਦਾਹਰਨ ਲਈ, ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਦਾ ਸੈਕ੍ਰੇਟਰੀ ਸਾਡੀਆਂ ਪਾਲਣਾ ਦੀਆਂ ਕੋਸ਼ਿਸ਼ਾਂ ਦੀ ਸਮੀਖਿਆ ਕਰ ਸਕਦਾ ਹੈ, ਜਿਸ ਵਿੱਚ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਨੂੰ ਦੇਖਣਾ ਸ਼ਾਮਲ ਹੋ ਸਕਦਾ ਹੈ।
- ਮੁਕੱਦਮੇ ਅਤੇ ਹੋਰ ਕਾਨੂੰਨੀ ਵਿਵਾਦ: ਅਸੀਂ ਅਦਾਲਤ ਜਾਂ ਪ੍ਰਸ਼ਾਸਕੀ ਆਦੇਸ਼, ਸੰਮਨ, ਜਾਂ ਖੋਜ ਦੀ ਬੇਨਤੀ ਦਾ ਜਵਾਬ ਦੇਣ ਲਈ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਅਤੇ ਇਸਦਾ ਖੁਲਾਸਾ ਕਰ ਸਕਦੇ ਹਾਂ। ਅਸੀਂ ਤੁਹਾਡੇ ਅਧਿਕਾਰ ਦੇ ਬਿਨਾਂ ਕਾਨੂੰਨ ਦੁਆਰਾ ਇਜਾਜ਼ਤ ਦਿੱਤੀ ਹੱਦ ਤੱਕ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਅਤੇ ਖੁਲਾਸਾ ਵੀ ਕਰ ਸਕਦੇ ਹਾਂ, ਉਦਾਹਰਨ ਲਈ, ਕਿਸੇ ਮੁਕੱਦਮੇ ਜਾਂ ਵਿਚੋਲਗੀ ਦਾ ਬਚਾਅ ਕਰਨ ਲਈ।
- ਕਾਨੂੰਨ ਲਾਗੂਕਰਨ: ਅਸੀਂ ਕਾਨੂੰਨ ਲਾਗੂਕਰਨ ਦੇ ਉਦੇਸ਼ਾਂ ਲਈ ਅਧਿਕਾਰਤ ਅਧਿਕਾਰੀਆਂ ਨੂੰ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ, ਉਦਾਹਰਨ ਲਈ, ਖੋਜ ਵਾਰੰਟ ਦਾ ਜਵਾਬ ਦੇਣ ਲਈ, ਸਾਡੇ ਅਹਾਤੇ ਵਿੱਚ ਕਿਸੇ ਜੁਰਮ ਦੀ ਰਿਪੋਰਟ ਕਰਨ ਲਈ, ਜਾਂ ਕਿਸੇ ਨੂੰ ਪਛਾਣਨ ਜਾਂ ਲੱਭਣ ਵਿੱਚ ਮਦਦ ਕਰਨ ਲਈ।
- ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖ਼ਤਰਾ: ਜੇ ਸਾਨੂੰ ਲੱਗਦਾ ਹੈ ਕਿ ਤੁਹਾਡੀ ਜਾਂ ਕਿਸੇ ਹੋਰ ਦੀ ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖ਼ਤਰੇ ਤੋਂ ਬਚਣ ਲਈ ਇਹ ਜ਼ਰੂਰੀ ਹੈ ਤਾਂ ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਅਤੇ ਖੁਲਾਸਾ ਕਰ ਸਕਦੇ ਹਾਂ।
- ਦੁਰਵਿਵਹਾਰ ਜਾਂ ਅਣਗਹਿਲੀ: ਕਾਨੂੰਨਨ, ਅਸੀਂ ਸ਼ੱਕੀ ਬੱਚੇ ਨਾਲ ਬਦਸਲੂਕੀ ਜਾਂ ਅਣਗਹਿਲੀ ਦੀ ਰਿਪੋਰਟ ਕਰਨ ਜਾਂ ਦੁਰਵਿਵਹਾਰ, ਅਣਗਹਿਲੀ, ਜਾਂ ਘਰੇਲੂ ਹਿੰਸਾ ਦੇ ਸ਼ੱਕੀ ਪੀੜਤਾਂ ਦੀ ਪਛਾਣ ਕਰਨ ਲਈ ਢੁਕਵੀਂ ਅਥਾਰਿਟੀ ਕੋਲ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ।
- ਕੋਰੋਨਰ (ਮੌਤ ਪੜਤਾਲੀਆ) ਅਤੇ ਫਿਊਨਰਲ ਡਾਇਰੈਕਟਰ: ਅਸੀਂ ਕਿਸੇ ਮ੍ਰਿਤ ਸਰੀਰ ਦੀ ਪਛਾਣ ਕਰਨ, ਮੌਤ ਦੇ ਕਾਰਨ ਦਾ ਪਤਾ ਲਗਾਉਣ, ਜਾਂ ਹੋਰ ਅਧਿਕਾਰਤ ਡਿਊਟੀਆਂ ਲਈ ਕੋਰੋਨਰ (ਮੌਤ ਪੜਤਾਲੀਆ) ਜਾਂ ਮੈਡੀਕਲ ਜਾਂਚਕਰਤਾ ਨੂੰ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ। ਅਸੀਂ ਫਿਊਨਰਲ ਡਾਇਰੈਕਟਰਾਂ ਨੂੰ ਵੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ।

- ਕੈਦੀ: ਸੰਘੀ ਕਾਨੂੰਨ ਦੇ ਤਹਿਤ ਜੋ ਸਾਡੇ ਤੋਂ ਤੁਹਾਨੂੰ ਇਹ ਨੋਟਿਸ ਦੇਣ ਦੀ ਮੰਗ ਕਰਦਾ ਹੈ, ਕੈਦੀਆਂ ਕੋਲ ਆਪਣੀ ਸੁਰੱਖਿਅਤ ਸਿਹਤ ਜਾਣਕਾਰੀ (PHI) ਨੂੰ ਨਿਯੰਤ੍ਰਿਤ ਕਰਨ ਦੇ ਉਹੂ ਅਧਿਕਾਰ ਨਹੀਂ ਹੁੰਦੇ ਹਨ ਜੋ ਦੂਜੇ ਵਿਅਕਤੀਆਂ ਕੋਲ ਹੁੰਦੇ ਹਨ। ਜੇ ਤੁਸੀਂ ਕਿਸੇ ਸੁਧਾਰਾਤਮਕ ਸੰਸਥਾ ਦੇ ਕੈਦੀ ਹੋ ਜਾਂ ਕਿਸੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਦੀ ਹਿਰਾਸਤ ਵਿੱਚ ਹੋ, ਤਾਂ ਅਸੀਂ ਕੁਝ ਉਦੇਸ਼ਾਂ ਲਈ, ਉਦਾਹਰਨ ਲਈ, ਤੁਹਾਡੀ ਸਿਹਤ ਜਾਂ ਸੁਰੱਖਿਆ ਜਾਂ ਕਿਸੇ ਹੋਰ ਦੀ ਸੁਰੱਖਿਆ ਲਈ, ਸੁਧਾਰਾਤਮਕ ਸੰਸਥਾ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਕੋਲ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦਾ ਖੁਲਾਸਾ ਕਰ ਸਕਦੇ ਹਾਂ।
- ਪਛਾਣ ਨੂੰ ਹਟਾਉਣਾ: ਅਸੀਂ ਜਾਂ ਕੋਈ ਕਾਰੋਬਾਰੀ ਸਹਿਯੋਗੀ ਜਿਸ ਨਾਲ ਅਸੀਂ ਇਕਰਾਰਨਾਮਾ ਕੀਤਾ ਹੈ, ਸਿਹਤ ਬੀਮਾ ਪੋਰਟੇਬਿਲਟੀ ਅਤੇ ਜਵਾਬਦੇਹੀ ਅਧਿਨਿਯਮ (HIPAA) ਮਿਆਰਾਂ ਦੇ ਅਨੁਸਾਰ ਸੁਰੱਖਿਅਤ ਸਿਹਤ ਜਾਣਕਾਰੀ (PHI) ਤੋਂ ਪਛਾਣ ਨੂੰ ਹਟਾਉਣ ਲਈ ਇਸਦੀ ਵਰਤੋਂ ਕਰ ਸਕਦੇ ਹਾਂ ਅਤੇ KP ਦੇ ਕੰਮ-ਕਾਜਾਂ ਦੇ ਸੰਬੰਧ ਵਿੱਚ ਪਛਾਣ ਹਟਾਏ ਗਏ ਡੇਟਾ ਦਾ ਹੋਰ ਤੀਜੀਆਂ ਧਿਰਾਂ ਕੋਲ ਖੁਲਾਸਾ ਕਰ ਸਕਦੇ ਹਾਂ।

**VI.** ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ **(PHI)** ਦੀਆਂ ਹੋਰ ਸਾਰੀਆਂ ਵਰਤੋਂ ਅਤੇ ਖੁਲਾਸਿਆਂ ਲਈ ਤੁਹਾਡੇ ਪੂਰਵ ਲਿਖਤੀ ਅਧਿਕਾਰ ਦੀ ਲੋੜ ਹੁੰਦੀ ਹੈ

ਉੱਪਰ ਵਰਣਿਤ ਵਰਤੋਂ ਅਤੇ ਖੁਲਾਸਿਆਂ ਨੂੰ ਛੱਡ ਕੇ, ਅਸੀਂ ਤੁਹਾਡੇ ਲਿਖਤੀ ਅਧਿਕਾਰ ਦੇ ਬਿਨਾਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਜਾਂ ਇਸਦਾ ਖੁਲਾਸਾ ਨਹੀਂ ਕਰਾਂਗੇ। ਕੁਝ ਮੌਕੇ ਜਿਨ੍ਹਾਂ ਵਿੱਚ ਅਸੀਂ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਜਾਂ ਖੁਲਾਸੇ ਲਈ ਤੁਹਾਡੇ ਅਧਿਕਾਰ ਦੀ ਬੇਨਤੀ ਕਰ ਸਕਦੇ ਹਾਂ:

- ਮਾਰਕਿਟਿੰਗ: ਅਸੀਂ ਉਨ੍ਹਾਂ ਉਤਪਾਦਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਮੁਹੱਈਆ ਕਰਨ ਲਈ ਤੁਹਾਡੇ ਅਧਿਕਾਰ ਦੀ ਮੰਗ ਕਰ ਸਕਦੇ ਹਾਂ ਜਿਨ੍ਹਾਂ ਨੂੰ ਖਰੀਦਣ ਜਾਂ ਵਰਤਣ ਵਿੱਚ ਤੁਹਾਡੀ ਦਿਲਚਸਪੀ ਹੋ ਸਕਦੀ ਹੈ। ਧਿਆਨ ਦਿਓ ਕਿ ਮਾਰਕੀਟਿੰਗ ਸੰਚਾਰਾਂ ਵਿੱਚ ਇਲਾਜ ਦੇ ਵਿਕਲਪਾਂ, ਤੁਹਾਡੇ ਦੁਆਰਾ ਲਈਆਂ ਜਾ ਰਹੀਆਂ ਤਜਵੀਜ਼ ਕੀਤੀਆਂ ਗਈਆਂ ਦਵਾਈਆਂ ਜਾਂ ਸਿਹਤ-ਸੰਬੰਧੀ ਉਤਪਾਦਾਂ ਜਾਂ ਸੇਵਾਵਾਂ ਜੋ ਅਸੀਂ ਪੇਸ਼ ਕਰਦੇ ਹਾਂ ਜਾਂ ਜੋ ਸਿਰਫ ਸਾਡੀ ਸਿਹਤ ਪਲੈਨ ਵਿੱਚ ਨਾਮਾਂਕਿਤ ਵਿਅਕਤੀਆਂ ਲਈ ਉਪਲਬਧ ਹਨ, ਬਾਰੇ ਜਾਣਕਾਰੀ ਲਈ ਸਾਡੇ ਦੁਆਰਾ ਤੁਹਾਡੇ ਨਾਲ ਸੰਪਰਕ ਕਰਨਾ ਸ਼ਾਮਲ ਨਹੀਂ ਹੈ। ਮਾਰਕਿਟਿੰਗ ਵਿੱਚ ਕੋਈ ਵੀ ਅਜਿਹੀਆਂ ਆਹਮੋ-ਸਾਹਮਣੇ ਦੀਆਂ ਚਰਚਾਵਾਂ ਸ਼ਾਮਲ ਨਹੀਂ ਹਨ ਜੋ ਤੁਸੀਂ ਉਤਪਾਦਾਂ ਜਾਂ ਸੇਵਾਵਾਂ ਬਾਰੇ ਆਪਣੇ ਪ੍ਰਦਾਤਾਵਾਂ ਨਾਲ ਕਰ ਸਕਦੇ ਹੋ।
- ਸੁਰੱਖਿਅਤ ਸਿਹਤ ਜਾਣਕਾਰੀ **(PHI)** ਦੀ ਵਿਕਰੀ: ਅਸੀਂ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਸਿਰਫ ਤਾਂ ਹੀ ਵੇਚ ਸਕਦੇ ਹਾਂ ਜੇ ਸਾਨੂੰ ਅਜਿਹਾ ਕਰਨ ਲਈ ਤੁਹਾਡਾ ਪਹਿਲਾਂ ਲਿਖਤੀ ਅਧਿਕਾਰ ਮਿਲਿਆ ਸੀ।
- ਮਨ-ਚਿਕਿਤਸਾ ਟਿੱਪਣੀਆਂ: ਵਿਰਲੇ ਮੌਕਿਆਂ 'ਤੇ, ਅਸੀਂ "ਮਨ-ਚਿਕਿਤਸਾ ਟਿੱਪਣੀਆਂ" ਦੀ ਵਰਤੋਂ ਕਰਨ ਅਤੇ ਖੁਲਾਸਾ ਕਰਨ ਲਈ ਤੁਹਾਡੇ ਅਧਿਕਾਰ ਦੀ ਮੰਗ ਕਰ ਸਕਦੇ ਹਾਂ। ਸੰਘੀ ਪਰਦੇਦਾਰੀ ਕਾਨੂੰਨ "ਮਨ-ਚਿਕਿਤਸਾ ਟਿੱਪਣੀਆਂ" ਨੂੰ ਬਹੁਤ ਖਾਸ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ ਜਿਸਦਾ ਮਤਲਬ ਹੈ ਨਿੱਜੀ ਜਾਂ ਸਾਮੂਹਿਕ ਸਲਾਹ-ਮਸ਼ਵਰਾ ਸੈਸ਼ਨਾਂ ਦੌਰਾਨ ਗੱਲਬਾਤ ਨੂੰ ਰਿਕਾਰਡ ਕਰਨ ਵਾਲੀਆਂ ਮਾਨਸਿਕ ਸਿਹਤ ਪੇਸ਼ੇਵਰ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਜਿਨ੍ਹਾਂ ਨੂੰ ਤੁਹਾਡੇ ਬਾਕੀ ਦੇ ਮੈਡੀਕਲ ਰਿਕਾਰਡ ਤੋਂ ਵੱਖਰੇ ਤੌਰ 'ਤੇ ਰੱਖਿਆ ਜਾਂਦਾ ਹੈ। ਆਮ ਤੌਰ 'ਤੇ, ਅਸੀਂ ਮਨ-ਚਿਕਿਤਸਾ ਟਿੱਪਣੀਆਂ ਨੂੰ ਕਾਇਮ ਨਹੀਂ ਰੱਖਦੇ ਹਾਂ, ਜਿਵੇਂ ਕਿ ਸੰਘੀ ਪਰਦੇਦਾਰੀ ਕਾਨੂੰਨ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ।
- ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ **(SUD)** ਸਲਾਹ-ਮਸ਼ਵਰਾ ਟਿੱਪਣੀਆਂ: ਵਿਰਲੇ ਮੌਕਿਆਂ 'ਤੇ, ਅਸੀਂ "SUD ਸਲਾਹ-ਮਸ਼ਵਰਾ ਟਿੱਪਣੀਆਂ" ਦੀ ਵਰਤੋਂ ਅਤੇ ਖੁਲਾਸਾ ਕਰਨ ਲਈ ਤੁਹਾਡੀ ਲਿਖਤੀ ਰਜ਼ਾਮੰਦੀ ਮੰਗ ਸਕਦੇ ਹਾਂ। ਸੰਘੀ ਪਰਦੇਦਾਰੀ ਕਾਨੂੰਨ "SUD ਸਲਾਹ-ਮਸ਼ਵਰਾ ਟਿੱਪਣੀਆਂ" ਨੂੰ ਬਹੁਤ ਖਾਸ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ, ਜਿਸਦਾ ਮਤਲਬ ਹੈ ਕਿਸੇ SUD ਪ੍ਰੋਗਰਾਮ ਪ੍ਰਦਾਤਾ, ਜੋ SUD ਜਾਂ ਮਾਨਸਿਕ ਸਿਹਤ ਪੇਸ਼ੇਵਰ ਹੈ, ਦੁਆਰਾ ਰਿਕਾਰਡ ਕੀਤੀਆਂ (ਕਿਸੇ ਵੀ ਮਾਧਿਅਮ ਵਿੱਚ) ਟਿੱਪਣੀਆਂ ਜੋ ਕਿਸੇ ਨਿੱਜੀ SUD ਸਲਾਹ-ਮਸ਼ਵਰਾ ਸੈਸ਼ਨ ਜਾਂ ਕਿਸੇ ਸਮੂਹ, ਸੰਯੁਕਤ, ਜਾਂ ਪਰਿਵਾਰਕ SUD ਕਾਉਂਸਲਿੰਗ ਸੈਸ਼ਨ ਦੇ ਦੌਰਾਨ ਗੱਲਬਾਤ ਵਿਚਲੇ ਵਿਸ਼ਾ-ਵਸਤੂ ਨੂੰ ਦਰਜ

ਜਾਂ ਇਸਦਾ ਵਿਸ਼ਲੇਸ਼ਣ ਕਰ ਰਿਹਾ ਹੈ, ਅਤੇ ਜਿਨ੍ਹਾਂ ਨੂੰ ਮਰੀਜ਼ ਦੇ ਬਾਕੀ SUD ਅਤੇ ਮੈਡੀਕਲ ਰਿਕਾਰਡ ਤੋਂ ਵੱਖ ਕੀਤਾ ਜਾਂਦਾ ਹੈ। ਆਮ ਤੌਰ 'ਤੇ, ਅਸੀਂ SUD ਸਲਾਹ-ਮਸ਼ਵਰਾ ਟਿੱਪਣੀਆਂ ਨੂੰ ਕਾਇਮ ਨਹੀਂ ਰੱਖਦੇ ਹਾਂ, ਜਿਵੇਂ ਕਿ ਸੰਘੀ ਪਰਦੇਦਾਰੀ ਕਾਨੂੰਨ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ।

ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ **(SUD)** ਦੇ ਰਿਕਾਰਡ**:**

- ਤੁਹਾਡੇ SUD ਰਿਕਾਰਡ, ਜਾਂ ਤੁਹਾਡੇ SUD ਰਿਕਾਰਡਾਂ ਦੀ ਸਮੱਗਰੀ ਨੂੰ ਦੱਸਣ ਵਾਲੀ ਗਵਾਹੀ, ਨੂੰ ਤੁਹਾਡੇ ਵਿਰੁੱਧ ਕਿਸੇ ਵੀ ਦੀਵਾਨੀ, ਪ੍ਰਸ਼ਾਸਨਿਕ, ਫੌਜਦਾਰੀ, ਜਾਂ ਵਿਧਾਨਕ ਕਾਰਵਾਈਆਂ ਵਿੱਚ ਵਰਤਿਆ ਜਾਂ ਇਸਦਾ ਖੁਲਾਸਾ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਸਾਡੇ ਕੋਲ ਤੁਹਾਡੀ ਖਾਸ ਲਿਖਤੀ ਰਜ਼ਾਮੰਦੀ ਜਾਂ ਅਦਾਲਤੀ ਆਦੇਸ਼ ਨਹੀਂ ਹੈ।
- ਤੁਹਾਡੇ SUD ਰਿਕਾਰਡਾਂ ਨੂੰ ਅਦਾਲਤੀ ਆਦੇਸ਼ ਦੇ ਅਧਾਰ 'ਤੇ ਸਿਰਫ ਤੁਹਾਨੂੰ ਜਾਂ ਰਿਕਾਰਡ ਦੇ ਧਾਰਕ ਨੂੰ ਨੋਟਿਸ ਅਤੇ ਆਪਣੀ ਗੱਲ ਕਹਿਣ ਦਾ ਮੌਕਾ ਦਿੱਤੇ ਜਾਣ ਬਾਅਦ ਹੀ ਵਰਤਿਆ ਜਾਂ ਇਨ੍ਹਾਂ ਦਾ ਖੁਲਾਸਾ ਕੀਤਾ ਜਾਵੇਗਾ ।
- ਤੁਹਾਡੇ SUD ਰਿਕਾਰਡ ਦੀ ਵਰਤੋਂ ਜਾਂ ਖੁਲਾਸਾ ਕਰਨ ਤੋਂ ਪਹਿਲਾਂ ਵਰਤੋਂ ਜਾਂ ਖੁਲਾਸੇ ਨੂੰ ਅਧਿਕਾਰਤ ਕਰਨ ਵਾਲੇ ਅਦਾਲਤੀ ਆਦੇਸ਼ ਦੇ ਨਾਲ ਇੱਕ ਸੰਮਨ ਜਾਂ ਹੋਰ ਖੁਲਾਸਾ ਕਰਨ ਲਈ ਮਜ਼ਬੂਰ ਕਰਨ ਵਾਲਾ ਸਮਾਨ ਕਾਨੂੰਨੀ ਆਦੇਸ਼ ਲਾਜ਼ਮੀ ਹੋਣਾ ਚਾਹੀਦਾ ਹੈ।

ਜਦੋਂ ਤੁਹਾਡੇ ਅਧਿਕਾਰ ਦੀ ਲੋੜ ਹੁੰਦੀ ਹੈ ਅਤੇ ਤੁਸੀਂ ਸਾਨੂੰ ਕਿਸੇ ਉਦੇਸ਼ ਲਈ ਆਪਣੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਜਾਂ ਖੁਲਾਸਾ ਕਰਨ ਦਾ ਅਧਿਕਾਰ ਦਿੰਦੇ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਸਾਨੂੰ ਲਿਖਤੀ ਰੂਪ ਵਿੱਚ ਸੂਚਿਤ ਕਰਕੇ ਉਸ ਅਧਿਕਾਰ ਨੂੰ ਰੱਦ ਕਰ ਸਕਦੇ ਹੋ। ਕਿਰਪਾ ਕਰਕੇ ਨੋਟ ਕਰੋ ਕਿ ਰੱਦੀਕਰਨ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਕਿਸੇ ਵੀ ਅਧਿਕਾਰਤ ਵਰਤੋਂ ਜਾਂ ਖੁਲਾਸੇ 'ਤੇ ਲਾਗੂ ਨਹੀਂ ਹੋਵੇਗਾ ਜੋ ਸਾਨੂੰ ਤੁਹਾਡਾ ਰੱਦੀਕਰਨ ਪ੍ਰਾਪਤ ਹੋਣ ਤੋਂ ਪਹਿਲਾਂ ਹੋਇਆ ਸੀ। ਨਾਲ ਹੀ, ਜੇ ਤੁਸੀਂ ਸਾਡੇ ਤੋਂ ਸਿਹਤ ਦੇਖਭਾਲ ਕਵਰੇਜ ਸਮੇਤ, ਬੀਮੇ ਦੀ ਪਾਲਿਸੀ ਪ੍ਰਾਪਤ ਕਰਨ ਲਈ ਆਪਣਾ ਅਧਿਕਾਰ ਦਿੱਤਾ ਸੀ, ਤਾਂ ਤੁਹਾਨੂੰ ਇਸ ਨੂੰ ਰੱਦ ਕਰਨ ਦੀ ਇਜਾਜ਼ਤ ਉਦੋਂ ਹੀ ਦਿੱਤੀ ਜਾ ਸਕਦੀ ਹੈ ਜਦੋਂ ਹੁਣ ਬੀਮਾਕਰਤਾ ਤੁਹਾਨੂੰ ਜਾਰੀ ਕੀਤੀ ਗਈ ਪਾਲਿਸੀ ਜਾਂ ਪਾਲਿਸੀ ਦੇ ਅਧੀਨ ਦਾਅਵੇ ਦਾ ਵਿਰੋਧ ਨਹੀਂ ਕਰ ਸਕਦਾ ਹੈ।

**VII.** ਇਸ ਨੋਟਿਸ ਬਾਰੇ ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ ਜਾਂ ਸਾਡੇ ਪਰਦੇਦਾਰੀ ਅਭਿਆਸਾਂ ਬਾਰੇ ਸ਼ਿਕਾਇਤ ਕਿਵੇਂ ਕਰਨੀ ਹੈ

ਜੇ ਤੁਹਾਡੇ ਕੋਲ ਇਸ ਨੋਟਿਸ ਬਾਰੇ ਕੋਈ ਸਵਾਲ ਹਨ, ਜਾਂ ਸਾਡੇ ਪਰਦੇਦਾਰੀ ਅਭਿਆਸਾਂ ਬਾਰੇ ਕੋਈ ਸ਼ਿਕਾਇਤ ਦਰਜ ਕਰਨੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਇਸ ਪਤੇ 'ਤੇ ਲਿਖੋ: Director of Privacy & Security Compliance, Kaiser Permanente Ethics & Compliance Office, 1 Kaiser Plaza, Oakland, CA 94612, 19th Floor ਜਾਂ ਮੈਂਬਰਾਂ ਦੀ ਸੇਵਾ ਲਈ ਕਾੱਲ ਸੈਂਟਰ ਨੂੰ 1-800-464-4000 (TTY 711) 'ਤੇ ਕਾੱਲ ਕਰਕੇ ਸਾਨੂੰ ਦੱਸੋ। ਤੁਸੀਂ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਦੇ ਸੈਕ੍ਰੇਟਰੀ ਨੂੰ ਵੀ ਸੂਚਿਤ ਕਰ ਸਕਦੇ ਹੋ।

ਜੇ ਤੁਸੀਂ ਸਾਡੇ ਪਰਦੇਦਾਰੀ ਅਭਿਆਸਾਂ ਬਾਰੇ ਸ਼ਿਕਾਇਤ ਦਰਜ ਕਰਦੇ ਹੋ ਤਾਂ ਅਸੀਂ ਤੁਹਾਡੇ ਵਿਰੁੱਧ ਬਦਲੇ ਦੀ ਕਾਰਵਾਈ ਨਹੀਂ ਕਰਾਂਗੇ।

**VIII.** ਇਸ ਨੋਟਿਸ ਵਿੱਚ ਤਬਦੀਲੀਆਂ

ਅਸੀਂ ਇਸ ਨੋਟਿਸ ਅਤੇ ਸਾਡੇ ਪਰਦੇਦਾਰੀ ਅਭਿਆਸਾਂ ਨੂੰ ਕਿਸੇ ਵੀ ਸਮੇਂ ਬਦਲ ਸਕਦੇ ਹਾਂ, ਜਦੋਂ ਤੱਕ ਤਬਦੀਲੀ ਰਾਜ ਅਤੇ ਸੰਘੀ ਕਾਨੂੰਨ ਦੇ ਅਨੁਕੂਲ ਹੈ। ਕੋਈ ਵੀ ਸੋਧਿਆ ਨੋਟਿਸ ਤਬਦੀਲੀ ਦੇ ਸਮੇਂ ਤੁਹਾਡੇ ਬਾਰੇ ਸਾਡੇ ਕੋਲ ਪਹਿਲਾਂ ਤੋਂ ਮੌਜੂਦ ਸੁਰੱਖਿਅਤ ਸਿਹਤ ਜਾਣਕਾਰੀ (PHI), ਅਤੇ ਤਬਦੀਲੀ ਦੇ ਪ੍ਰਭਾਵੀ ਹੋਣ ਤੋਂ ਬਾਅਦ ਬਣਾਈ ਜਾਂ ਪ੍ਰਾਪਤ ਹੋਈ ਕਿਸੇ ਵੀ ਸੁਰੱਖਿਅਤ ਸਿਹਤ ਜਾਣਕਾਰੀ (PHI) 'ਤੇ ਲਾਗੂ ਹੋਵੇਗਾ। ਜੇ ਅਸੀਂ ਆਪਣੇ ਪਰਦੇਦਾਰੀ ਅਭਿਆਸਾਂ ਵਿੱਚ ਕੋਈ ਮਹੱਤਵਪੂਰਨ ਤਬਦੀਲੀ ਕਰਦੇ ਹਾਂ, ਤਾਂ ਅਸੀਂ ਇਸ ਨੋਟਿਸ ਨੂੰ ਤੁਰੰਤ ਬਦਲ ਦੇਵਾਂਗੇ ਅਤੇ ਨਵਾਂ ਨੋਟਿਸ ਸਾਡੀ ਵੈੱਬ ਸਾਈਟ www.kp.org/privacy 'ਤੇ ਉਪਲਬਧ

ਕਰਾਵਾਂਗੇ। ਕਾਨੂੰਨ ਦੁਆਰਾ ਲੋੜੀਂਦੀਆਂ ਤਬਦੀਲੀਆਂ ਦੇ ਇਲਾਵਾ, ਅਸੀਂ ਇਸ ਨੋਟਿਸ ਨੂੰ ਸੋਧਣ ਤੋਂ ਪਹਿਲਾਂ ਆਪਣੇ ਪਰਦੇਦਾਰੀ ਅਭਿਆਸਾਂ ਵਿੱਚ ਕੋਈ ਮਹੱਤਵਪੂਰਨ ਤਬਦੀਲੀ ਲਾਗੂ ਨਹੀਂ ਕਰਾਂਗੇ।

**IX.** ਇਸ ਨੋਟਿਸ ਦੀ ਪ੍ਰਭਾਵੀ ਹੋਣ ਦੀ ਤਾਰੀਖ਼

ਇਹ ਨੋਟਿਸ 16 ਫਰਵਰੀ 2026 ਤੋਂ ਪ੍ਰਭਾਵੀ ਹੈ।

Kaiser Foundation Health Plan Medi-Cal ਪਲੈਨ ਦੇ ਮੈਂਬਰ ਲਈ ਹੇਠਾਂ ਦਿੱਤਾ ਪਰਦੇਦਾਰੀ ਅਭਿਆਸਾਂ ਦਾ ਪੂਰਕ ਨੋਟਿਸ ਸਿਰਫ ਉਨ੍ਹਾਂ Medi-Cal ਮੈਂਬਰਾਂ 'ਤੇ ਲਾਗੂ ਹੁੰਦਾ ਹੈ ਜੋ ਹੇਠਾਂ ਦਿੱਤੀਆਂ ਸੰਸਥਾਵਾਂ ਵਿੱਚੋਂ ਕਿਸੇ ਇੱਕ ਰਾਹੀਂ Kaiser Foundation Health Plan ਵਿੱਚ ਨਾਮਾਂਕਿਤ ਹੋਏ ਹਨ: Geographic Managed Care Sacramento, Geographic Managed Care San Diego, Prepaid Health Plan। ਇਹ ਪੂਰਕ ਨੋਟਿਸ Medi-Cal ਮੈਂਬਰ ਦੀ ਹੈਂਡਬੁਕ ਵਿੱਚ ਸ਼ਾਮਲ ਕੀਤਾ ਗਿਆ ਹੈ (Member Handbook)।

Kaiser Foundation Health Plan Medi-Cal ਪਲੈਨ ਦੇ ਮੈਂਬਰ ਲਈ ਪਰਦੇਦਾਰੀ ਅਭਿਆਸਾਂ ਦਾ ਪੂਰਕ ਨੋਟਿਸ*

ਇਹ ਨੋਟਿਸ ਵਰਣਨ ਕਰਦਾ ਹੈ ਕਿ ਕਿਵੇਂ ਤੁਹਾਡੇ ਬਾਰੇ ਮੈਡੀਕਲ ਜਾਣਕਾਰੀ ਦੀ ਵਰਤੋਂ ਅਤੇ ਇਸ ਦਾ ਖੁਲਾਸਾ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਇਸ ਜਾਣਕਾਰੀ ਤੱਕ ਕਿਵੇਂ ਪਹੁੰਚ ਸਕਦੇ ਹੋ।

ਇੱਕ ਨਵੇਂ ਮੈਂਬਰ ਦੇ ਰੂਪ ਵਿੱਚ, ਤੁਹਾਨੂੰ ਆਪਣੇ ਨਵੇਂ Kaiser Permanente ਸ਼ਨਾਖਤੀ ਕਾਰਡ ਦੇ ਨਾਲ Kaiser Permanente ਉੱਤਰੀ California ਖੇਤਰੀ ਜਾਂ ਦੱਖਣੀ ਕੈਲੀਫ਼ੋਰਨੀਆ ਖੇਤਰੀ ਸਿਹਤ ਬੀਮਾ ਪੋਰਟੇਬਿਲਟੀ ਅਤੇ ਜਵਾਬਦੇਹੀ ਅਧਿਨਿਯਮ (HIPAA) ਪਰਦੇਦਾਰੀ ਅਭਿਆਸਾਂ ਦਾ ਨੋਟਿਸ ("ਖੇਤਰੀ ਨੋਟਿਸ") ਦੀ ਇੱਕ ਕਾਪੀ ਪ੍ਰਾਪਤ ਹੋਈ ਹੋਵੇਗੀ (ਜਾਂ ਜਲਦੀ ਹੀ ਪ੍ਰਾਪਤ ਹੋਵੇਗੀ)। ਖੇਤਰੀ ਨੋਟਿਸ ਤੁਹਾਨੂੰ ਤੁਹਾਡੀ ਸਿਹਤ ਜਾਣਕਾਰੀ ਸੰਬੰਧੀ ਤੁਹਾਡੇ ਅਧਿਕਾਰਾਂ ਅਤੇ ਸਾਡੇ ਫਰਜ਼ਾਂ ਬਾਰੇ ਦੱਸਦੇ ਹਨ। ਖੇਤਰੀ ਨੋਟਿਸ ਇਸ ਬਾਰੇ ਵੀ ਵਰਣਨ ਕਰਦੇ ਹਨ ਅਤੇ ਉਦਾਹਰਨਾਂ ਦਿੰਦੇ ਹਨ ਕਿ ਸਾਨੂੰ ਕਾਨੂੰਨਨ ਤੁਹਾਡੀ ਲਿਖਤੀ ਇਜਾਜ਼ਤ ਤੋਂ ਬਿਨਾਂ ਕੁਝ ਸੁਰੱਖਿਅਤ ਸਿਹਤ ਜਾਣਕਾਰੀ ਦੀ ਵਰਤੋਂ ਅਤੇ ਖੁਲਾਸਾ ਕਰਨ ਦੀ ਇਜਾਜ਼ਤ ਕਦੋਂ ਦਿੱਤੀ ਜਾਂਦੀ ਹੈ: ਉਦਾਹਰਨ ਲਈ, ਇਲਾਜ ਜਾਂ ਸਿਹਤ ਦੇਖਭਾਲ ਕੰਮ-ਕਾਜਾਂ ਲਈ, ਜਿਵੇਂ ਕਿ ਗੁਣਵੱਤਾ ਵਿੱਚ ਸੁਧਾਰ ਕਰਨਾ।

ਇਹ ਪੂਰਕ ਨੋਟਿਸ Kaiser Permanente Medi-Cal ਪਲਨਾਂ ਦੇ ਮੈਂਬਰਾਂ ਲਈ ਹੈ। ਇਹ ਪੂਰਕ ਨੋਟਿਸ ਤੁਹਾਨੂੰ ਰਾਜ ਦੇ ਕਾਨੂੰਨ ਵਿੱਚ ਅੰਤਰਾਂ ਬਾਰੇ ਦੱਸਦਾ ਹੈ ਜੋ, ਕੁਝ ਸਥਿਤੀਆਂ ਵਿੱਚ, ਸਾਡੇ 'ਤੇ ਸਿਹਤ ਜਾਣਕਾਰੀ ਦਾ ਖੁਲਾਸਾ ਕਰਨ ਲਈ Medi-Cal ਮੈਂਬਰ ਵਜੋਂ ਤੁਹਾਡੀ ਲਿਖਤੀ ਇਜਾਜ਼ਤ ਲੈਣ ਦੀ ਲੋੜ ਲਗਾਉਂਦਾ ਹੈ ਪਰ ਸਾਡੇ 'ਤੇ ਕਿਸੇ ਅਜਿਹੇ ਵਿਅਕਤੀ ਦੀ ਲਿਖਤੀ ਇਜਾਜ਼ਤ ਲੈਣ ਦੀ ਲੋੜ ਨਹੀਂ ਲਗਾਉਂਦਾ ਹੈ ਜੋ Medi-Cal ਮੈਂਬਰ ਨਹੀਂ ਹੈ।

MEDI-CAL ਲਾਭਪਾਤਰੀਆਂ 'ਤੇ ਲਾਗੂ ਹੋਣ ਵਾਲੇ ਰਾਜ ਦੇ ਕਾਨੂੰਨ ਦੇ ਤਹਿਤ, KAISER PERMANENTE ਨੂੰ ਹੇਠਾਂ ਦਿੱਤੀਆਂ ਸਥਿਤੀਆਂ ਵਿੱਚ ਤੁਹਾਡੀ ਮੈਡੀਕਲ ਜਾਣਕਾਰੀ ਨੂੰ ਵਰਤਣ ਜਾਂ ਪ੍ਰਗਟ ਕਰਨ ਲਈ ਤੁਹਾਡੀ ਇਜਾਜ਼ਤ ਦੀ ਲੋੜ ਹੁੰਦੀ ਹੈ:

- ਅੰਗ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਨੂੰ ਮੈਡੀਕਲ ਜਾਣਕਾਰੀ ਦੇਣਾ, ਜਦੋਂ ਤੱਕ ਕਿ ਮੈਡੀਕਲ ਜਾਣਕਾਰੀ ਖਾਸ ਤੌਰ 'ਤੇ ਤੁਹਾਡੇ ਇਲਾਜ ਨਾਲ ਸੰਬੰਧਿਤ ਨਾ ਹੋਵੇ ਜਦੋਂ ਤੁਸੀਂ ਅੰਗ ਪ੍ਰਤਿਰੋਪਣ ਲਈ ਉਮੀਦਵਾਰ ਜਾਂ ਪ੍ਰਾਪਤੱਕਰਤਾ ਹੋ;
- ਕੰਮ ਕਰਨ ਦੇ ਸਥਾਨ ਦੇ ਸੁਰੱਖਿਆ ਕਾਨੂੰਨਾਂ ਜਾਂ ਕਰਮਚਾਰੀਆਂ ਦੇ ਮੁਆਵਜ਼ੇ ਦੇ ਕਾਨੂੰਨਾਂ ਦੀ ਪਾਲਣਾ ਕਰਨ ਲਈ, ਇਲਾਜ ਲਈ ਜਾਂ ਰਾਜ ਜਾਂ ਸਥਾਨਕ ਅਧਿਕਾਰੀਆਂ ਨੂੰ ਖੁਲਾਸੇ ਦੇ ਇਲਾਵਾ;
- ਦੂਜੀਆਂ ਕੰਪਨੀਆਂ ਨੂੰ ਤੁਹਾਡੇ ਲਈ ਆਪਣੇ ਉਤਪਾਦਾਂ ਜਾਂ ਸੇਵਾਵਾਂ ਦੀ ਮਾਰਕੀਟਿੰਗ ਕਰਨ ਦੀ ਇਜਾਜ਼ਤ ਦੇਣ ਲਈ;
- ਸਾਡੇ ਸੰਗਠਨ ਲਈ ਫੰਡ ਇਕੱਠੇ ਕਰਨ ਲਈ;
- ਸੰਮਨਾਂ ਜਾਂ ਅਦਾਲਤੀ ਆਦੇਸ਼ਾਂ, ਜਾਂ ਸਰਕਾਰੀ ਏਜੰਸੀਆਂ ਦੇ ਆਦੇਸ਼ਾਂ ਦਾ ਜਵਾਬ ਦੇਣ ਲਈ, ਜਦੋਂ ਤੱਕ ਉਹ Medi-Cal ਪ੍ਰੋਗਰਾਮ ਦੇ ਪ੍ਰਸ਼ਾਸਨ ਨਾਲ ਸੰਬੰਧਿਤ ਨਾ ਹੋਣ ਜਾਂ ਉਂਝ ਕਾਨੂੰਨ ਦੁਆਰਾ ਅਧਿਕਾਰਤ ਨਾ ਹੋਣ;

- ਕੁਝ ਖਾਸ ਮੈਡੀਕਲ ਉਤਪਾਦਾਂ ਦੀਆਂ ਸਮੱਸਿਆਵਾਂ ਦੀ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (FDA) ਜਾਂ ਦੂਜੇ ਵਿਅਕਤੀਆਂ ਜਾਂ ਸੰਗਠਨਾਂ, ਜਿਵੇਂ ਕਿ ਉਤਪਾਦ ਬਣਾਉਣ ਵਾਲਾ, ਨੂੰ ਰਿਪੋਰਟ ਕਰਨ ਲਈ।

ਇਨ੍ਹਾਂ ਮਾਮਲਿਆਂ ਦੇ ਇਲਾਵਾ, Kaiser Permanente ਖੇਤਰੀ ਨੋਟਿਸਾਂ ਵਿੱਚ ਵਰਣਨ ਕੀਤੇ ਅਨੁਸਾਰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ ਦੀ ਵਰਤੋਂ ਅਤੇ ਖੁਲਾਸਾ ਕਰ ਸਕਦਾ ਹੈ।

Medi-Cal ਮੈਂਬਰ ਵਜੋਂ ਤੁਹਾਡੇ 'ਤੇ ਲਾਗੂ ਹੋਣ ਵਾਲੇ ਇਸ ਪੂਰਕ ਨੋਟਿਸ ਦੁਆਰਾ ਸੋਧੇ ਗਏ ਦੇ ਇਲਾਵਾ, ਖੇਤਰੀ ਨੋਟਿਸ ਹਾਲੇ ਵੀ ਲਾਗੂ ਹੁੰਦੇ ਹਨ। ਉਦਾਹਰਨ ਲਈ, ਜਿਵੇਂ ਕਿ ਖੇਤਰੀ ਨੋਟਿਸਾਂ ਵਿੱਚ ਦੱਸਿਆ ਗਿਆ ਹੈ, ਤੁਹਾਨੂੰ ਆਪਣੇ ਰਿਕਾਰਡਾਂ ਤੱਕ ਪਹੁੰਚ ਕਰਨ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਇੱਕ ਹੋਰ ਉਦਾਹਰਨ ਇਹ ਹੈ ਕਿ ਖੇਤਰੀ ਨੋਟਿਸਾਂ ਵਿੱਚ ਤਬਦੀਲੀਆਂ ਨਾਲ ਸੰਬੰਧਿਤ ਭਾਗ ਇਸ ਪੂਰਕ ਨੋਟਿਸ 'ਤੇ ਵੀ ਲਾਗੂ ਹੁੰਦਾ ਹੈ।

ਖੇਤਰੀ ਨੋਟਿਸ ਤੁਹਾਨੂੰ ਇਹ ਵੀ ਦੱਸਦੇ ਹਨ ਕਿ ਜੇ ਤੁਹਾਡੇ ਕੋਲ ਖੇਤਰੀ ਨੋਟਿਸਾਂ ਬਾਰੇ ਕੋਈ ਸਵਾਲ ਹਨ ਤਾਂ ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ। ਜੇ ਇਸ ਪੂਰਕ ਨੋਟਿਸ ਬਾਰੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਸਾਡੇ ਪਰਦੇਦਾਰੀ ਅਭਿਆਸਾਂ ਬਾਰੇ ਸ਼ਿਕਾਇਤ ਦਰਜ ਕਰਵਾਉਣੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਮੈਂਬਰਾਂ ਦੀ ਸੇਵਾ ਲਈ ਕਾੱਲ ਸੈਂਟਰ ਨੂੰ 1-800-464-4000 'ਤੇ ਕਾੱਲ ਕਰੋ। ਤੁਸੀਂ ਇਸ ਪੂਰਕ ਨੋਟਿਸ ਦੇ ਅੰਤ ਵਿੱਚ ਦਿੱਤੀ ਸੰਪਰਕ ਜਾਣਕਾਰੀ ਦੀ ਵਰਤੋਂ ਕਰਦੇ ਹੋਏ ਕੈਲੀਫ਼ੋਰਨੀਆ ਡਿਪਾਰਟਮੈਂਟ ਆਫ ਹੈਲਥ ਸਰਵਿਸਿਜ਼ (ਸਿਹਤ ਸੇਵਾਵਾਂ ਦੇ ਵਿਭਾਗ) ਦੇ ਪ੍ਰਾਈਵੇਸੀ ਆਫਿਸਰ (ਪਰਦੇਦਾਰੀ ਅਫ਼ਸਰ) ਨੂੰ ਫੋਨ ਦੁਆਰਾ ਜਾਂ ਲਿਖਤੀ ਰੂਪ ਵਿੱਚ ਵੀ ਸੂਚਿਤ ਕਰ ਸਕਦੇ ਹੋ।

ਅਸੀਂ ਆਪਣੇ ਸਾਰੇ ਮੈਂਬਰਾਂ ਅਤੇ ਮਰੀਜ਼ਾਂ ਦੀ ਸਿਹਤ ਜਾਣਕਾਰੀ ਦੀ ਰੱਖਿਆ ਕਰਨ ਦੀ ਆਪਣੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਉਸ ਜਾਣਕਾਰੀ ਦੀ ਰੱਖਿਆ ਕਰਨ ਲਈ ਢੁਕਵੇਂ ਕਦਮ ਚੁੱਕਣੇ ਜਾਰੀ ਰੱਖਾਂਗੇ। ਹਮੇਸ਼ਾਂ ਦੀ ਤਰ੍ਹਾਂ, ਆਪਣੀ ਸਿਹਤ ਦੇਖਭਾਲ Kaiser Permanente ਨੂੰ ਸੌਂਪਣ ਲਈ ਤੁਹਾਡਾ ਧੰਨਵਾਦ।

Si neccesita ayuda en su idioma, llame a nuestro Centro de Llamadas para Servicios a los Miembros al 1-800-788-0616.

ਕੈਲੀਫ਼ੋਰਨੀਆ ਡਿਪਾਰਟਮੈਂਟ ਔਫ਼ ਹੈਲਥ ਸਰਵਿਸਿਜ਼ ਦੇ ਪਰਦੇਦਾਰੀ ਆਫਿਸਰ ਲਈ ਸੰਪਰਕ ਜਾਣਕਾਰੀ:

Privacy Officer

California Department of Health Services

P.O. Box 942732

Sacramento, CA 94234-7320

(916) 255-5259 ਜਾਂ 1-877-735-2929 (TTY) * Geographic Managed Care Sacramento, Geographic Managed Care San Diego, ਜਾਂ Prepaid Health Plan।